# 48
# ਸ਼ਗਿਰਦੀ ਦੇ ਨਿਸ਼ਾਨ

### ਬਾਈਬਲ ਪਾਠ #19

VI. ਤੀਜੇ ਪਸਾਹ ਤੋਂ ਯਿਸੂ ਦਾ ਬੈਤਅਨੀਆ ਵਿਚ ਆਉਣ ਤਕ (ਚੱਲਦਾ)।
- ਗ. ਹੇਰੋਦੇਸ ਦੇ ਇਲਾਕੇ ਤੋਂ ਇਕ ਹੋਰ ਵਾਰ ਨਿੱਕਲਣਾ (ਚੱਲਦਾ)।
  - 6. ਭੂਤ ਚੰਬੜੇ ਇਕ ਮੁੰਡੇ ਨੂੰ ਚੰਗਾ ਕਰਨਾ (ਮੱਤੀ 17: 14–21; ਮਰਕੁਸ 9: 14–29; ਲੂਕਾ 9:37–43)।
  - 7. ਗਲੀਲ ਵਿਚ ਵਾਪਸੀ (ਯਿਸੂ ਦੀ ਮੌਤ ਦੀ ਫੇਰ ਨਬੂਵਤ) (ਮੱਤੀ 17:22, 23; ਮਰਕੁਸ 9:30–32; ਲੂਕਾ 9:43–45)।
- ਙ. ਹੈਕਲ ਦੇ ਜਜ਼ੀਏ ਤੇ ਸਵਾਲ (ਮੱਤੀ 17:24–27)।
- ਚ. ਬੱਚਿਆਂ ਵਰਗੇ ਬਣਨ ਦੀ ਲੋੜ ਤੇ ਸਿੱਖਿਆ (ਮੱਤੀ 18: 1–14; ਮਰਕੁਸ 9:33–50; ਲੂਕਾ 9:46–50)।

### ਜਾਣ ਪਛਾਣ

ਧਰਤੀ ਉਤਲੀ ਆਪਣੀ ਸੇਵਕਾਈ ਦੇ ਆਖ਼ਰੀ ਦਿਨਾਂ ਦੌਰਾਨ, ਯਿਸੂ ਨੇ ਆਪਣੀ ਵਿਦਾਈ ਲਈ ਆਪਣੇ ਚੇਲਿਆਂ ਨੂੰ ਤਿਆਰ ਕਰਨ ਤੇ ਧਿਆਨ ਦਿੱਤਾ। ਚੱਲਦਿਆਂ ਚੱਲਦਿਆਂ ''ਉਹ ਨਹੀਂ ਚਾਹੁੰਦਾ ਸੀ, ਕਿ ਕੋਈ ਜਾਣੇ। ਕਿਉਂਕਿ ਉਹ ਆਪਣੇ ਚੇਲਿਆਂ ਨੂੰ ਉਪਦੇਸ਼ ਦਿੰਦਾ ...'' ਸੀ (ਮਰਕੁਸ 9:30, 31)। ਇਕ ਅਨੁਵਾਦ[1] ਵਿਚ ਹੈ, ''ਉਹ ਕਿਸੇ ਵੀ ਤਰ੍ਹਾਂ ਦੀ ਮਸ਼ਹੂਰੀ ਤੋਂ ਬਚਣ ਦੀ ਕੋਸ਼ਿਸ਼ ਕਰਦਾ ਸੀ; ਤਾਂ ਜੋ ਉਹ ਆਪਣੇ ਚੇਲਿਆਂ ਨੂੰ ਸਿਖਾਉਣ ਲਈ ਉਨ੍ਹਾਂ ਨੂੰ ਪੂਰਾ ਵਕਤ ਦੇ ਸਕੇ।'' ਇਸ ਸਿੱਖਿਆ ਦੇ ਬਾਰ ਬਾਰ ਆਉਣ ਵਾਲੇ ਵਿਸ਼ੇ ਨੂੰ ''ਮੇਰੇ ਚੇਲੇ ਹੋਣ ਤੋਂ ਕੀ ਭਾਵ ਹੈ'' ਕਿਹਾ ਜਾ ਸਕਦਾ ਹੈ। ਰਸੂਲਾਂ ਨੂੰ ਇਨ੍ਹਾਂ ਸਬਕਾਂ ਦੀ ਲੋੜ ਸੀ, ਅਤੇ ਸਾਨੂੰ ਵੀ ਹੈ।

### ਪ੍ਰਭੂ ਦੀ ਸਮਰਥਾ ਤੇ ਭਰੋਸਾ ਰੱਖੋ, ਨਾ ਕਿ ਆਪਣੀ ਕਾਬਲੀਅਤ ਤੇ (ਮੱਤੀ 17:14-21; ਮਰਕੁਸ 9:14-29; ਲੂਕਾ 9:37-43)

ਸਾਡਾ ਅਧਿਐਨ ਯਿਸੂ ਦੇ ਪਤਰਸ, ਯਾਕੂਬ ਅਤੇ ਯੂਹੰਨਾ ਨਾਲ ''ਪਵਿੱਤਰ ਪਹਾੜ'' (2 ਪਤਰਸ 1: 18) ਤੋਂ ਉਤਰਨ ਨਾਲ ਸ਼ੁਰੂ ਹੁੰਦਾ ਹੈ, ਜਿੱਥੇ ਪ੍ਰਭੂ ਦਾ ਰੂਪ ਜਲਾਲੀ ਹੋਇਆ ਸੀ। ਦਸ ਹੁਕਮ ਲੈ ਕੇ ਮੂਸਾ ਦੇ ਪਹਾੜ ਤੋਂ ਉਤਰਨ ਤੇ ਉਸ ਦਾ ਸੁਆਗਤ ਨਾਫ਼ਰਮਾਨੀ ਦੇ ਖੱਪਖਾਨੇ ਨਾਲ ਹੋਇਆ ਸੀ (ਕੂਚ 32) ਜਦਕਿ ਰੂਪ ਬਦਲਣ ਦੇ ਬਾਅਦ ਮਸੀਹ ਦੇ ਪਹਾੜ ਤੋਂ ਹੇਠਾਂ ਤੇ ਉਸ ਦਾ ਸੁਆਗਤ ਬੇਯਕੀਨੀ ਦੀ ਗੜਬੜੀ ਨਾਲ ਹੋਇਆ।

ਇਕ ਆਦਮੀ ਭੂਤ ਚੰਬੜੇ ਆਪਣੇ ਪੁੱਤਰ ਨੂੰ ਚੰਗਿਆਈ ਦੁਆਉਣ ਲਈ ਯਿਸੂ ਕੋਲ ਲਿਆਇਆ ਸੀ, ਪਰ ਪ੍ਰਭੂ ਦੇ ਚੇਲੇ ਉਸ ਵਿੱਚੋਂ ਬਦਰੂਹ ਨੂੰ ਕੱਢ ਨਹੀਂ ਸਕੇ ਸਨ। ਪਰਛਾਵੇਂ ਵਾਂਗ ਨਾਲ ਨਾਲ ਰਹਿਣ ਵਾਲੇ ਹਰ ਹਾਲ ਵਿਚ ਗਲਤੀ ਕੱਢਣ ਵਾਲੇ ਗ੍ਰੰਥੀ ਮਸੀਹ ਦੀ ਸੇਵਕਾਈ ਦੇ ਇਸ ਹਾਲਾਤ ਦਾ ਫ਼ਾਇਦਾ ਲੈ ਰਹੇ ਸਨ।[2] ਹਰ ਥਾਂ ਪਾਈ ਜਾਣ ਵਾਲੀ ਵਿਸ਼ਵਾਸ ਦੀ ਕਮਜ਼ੋਰੀ (ਗ੍ਰੰਥੀ, ਭੀੜ, ਮੁੰਡੇ ਦਾ ਪਿਓ, ਇੱਥੋਂ ਤਕ ਕਿ ਯਿਸੂ ਦੇ ਚੇਲਿਆਂ) ਨਾਲ ਵੀ ਮਸੀਹ ਦਾ ਮਨ ਦੁਖੀ ਹੋਇਆ (ਮੱਤੀ

17:17; ਮਰਕੁਸ 9:19; ਲੂਕਾ 9:41)। ਤਾਂ ਵੀ ਉਨ੍ਹਾਂ ਦੀ ਬੇਵਫ਼ਾਈ ਦੇ ਬਾਵਜੂਦ ਉਸ ਨੇ ਆਪਣੇ ਆਪ ਨੂੰ ਵਫ਼ਾਦਾਰ ਵਿਖਾਇਆ[3] ਅਤੇ ਉਸ ਮੁੰਡੇ ਨੂੰ ਚੰਗਾ ਕੀਤਾ[4] (ਮੱਤੀ 17:18; ਮਰਕੁਸ 9:25, 26; ਲੂਕਾ 9:41)।

ਬਾਅਦ ਵਿਚ ਜਦ ਯਿਸੂ ਅਤੇ ਉਸ ਦੇ ਰਸੂਲ ਇਕੱਲੇ ਸਨ, ਤਾਂ ਉਨ੍ਹਾਂ ਉਸ ਤੋਂ ਪੁੱਛਿਆ, ''ਅਸੀਂ ਇਸ ਨੂੰ ਕਿਉਂ ਨਾ ਕੱਢ ਸਕੇ?'' (ਮੱਤੀ 17:19; ਮਰਕੁਸ 9:28)। ਉਸ ਨੇ ਜਵਾਬ ਦਿੱਤਾ, ''ਆਪਣੀ ਘੱਟ ਨਿਹਚਾ ਦੇ ਕਾਰਣ: ਕਿਉਂਕਿ ਮੈਂ ਤੁਹਾਨੂੰ ਸੱਚ ਆਖਦਾ ਹਾਂ, ਕਿ ਜੇ ਤੁਹਾਡੇ ਅੰਦਰ ਰਾਈ ਦੇ ਦਾਣੇ ਸਮਾਨ ਨਿਹਚਾ ਹੋਵੇ ਤਾਂ ਤੁਸੀਂ ਇਸ ਪਹਾੜ ਨੂੰ ਕਹੋਗੇ ਜੋ ਐਧਰੋਂ ਹਟ ਕੇ ਉਸ ਥਾਂ ਚਲਿਆ ਜਾਹ, ਅਤੇ ਉਹ ਚਲਿਆ ਜਾਵੇਗਾ; ਅਤੇ ਤੁਹਾਨੂੰ ਕੋਈ ਕੰਮ ਅਣਹੋਣਾ ਨਾ ਹੋਵੇਗਾ'' (ਮੱਤੀ 17:20)।[5] ਕਹਾਣੀ ਵਾਲੇ ਪਿਤਾ ਵਾਂਗ (ਮਰਕੁਸ 9:24), ਚੇਲਿਆਂ ਨੇ ਨਿਹਚਾ ਕੀਤੀ ਤਾਂ ਵੀ ਅਸਲ ਵਿਚ ਉਨ੍ਹਾਂ ਨੂੰ ਯਕੀਨ ਨਹੀਂ ਸੀ (ਮੱਤੀ 17:20)। ਸਾਡੇ ਵਾਂਗ, ਉਨ੍ਹਾਂ ਨੂੰ ਵੀ ਯਕੀਨ ਕਰਨਾ ਮੁਸ਼ਕਿਲ ਲੱਗਾ।

ਬਹੁਤ ਸਾਰੇ ਲੇਖਕ ਮੰਨਦੇ ਹਨ ਕਿ ਚੇਲੇ ਭੂਤਾਂ ਨੂੰ ਇਸ ਲਈ ਨਹੀਂ ਕੱਢ ਸਕੇ ਸਨ ਕਿਉਂਕਿ ਉਹ *ਆਪਣੀ ਹੀ* ਕਾਬਲੀਅਤ ਤੇ ਭਰੋਸਾ ਰੱਖਦੇ ਸਨ।[6] ਪੌਲੁਸ ਲਿਖਦਾ ਹੈ ਕਿ ''ਅਸੀਂ ਆਪਣੇ ਤੇ ਭਰੋਸਾ ਨਾ ਕਰੀਏ, ਸਗੋਂ ਪਰਮੇਸ਼ੁਰ ਤੇ'' (2 ਕੁਰਿੰਥੀਆਂ 1:9)। ਬਹੁਤ ਪਹਿਲਾਂ, ਦਾਊਦ ਨੇ ਫ਼ਰਮਾਇਆ ਸੀ, ''ਧਰਮ ਦੇ ਬਲੀਦਾਨ ਚੜ੍ਹਾਓ, ਅਤੇ *ਯਹੋਵਾਹ ਉੱਤੇ ਆਸ ਰੱਖੋ*'' (ਜ਼ਬੂਰ 4:5)। ਬੁੱਧਵਾਨ ਨੇ ਇਸੇ ਭਾਵਨਾ ਨੂੰ ਪਰਗਟ ਕੀਤਾ ਸੀ, ''ਆਪਣੇ ਪੂਰੇ ਦਿਲ ਨਾਲ ਯਹੋਵਾਹ ਉੱਤੇ ਭਰੋਸਾ ਰੱਖ ਅਤੇ ਆਪਣੀ ਹੀ ਸਮਝ ਉੱਤੇ ਇਤਬਾਰ ਨਾ ਕਰ'' (ਕਹਾਉਤਾਂ 3:5)।

ਅਸਲ ਚੇਲਾ ਆਪਣੀਆਂ ਖਾਮੀਆਂ ਨੂੰ ਮੰਨ ਲੈਂਦਾ ਹੈ (ਰੋਮੀਆਂ 3:10)। ਆਪਣੀ ਤਾਕਤ ਲਈ ਉਹ ਪ੍ਰਭੂ ਤੇ ਭਰੋਸਾ ਰੱਖਦਾ ਹੈ (ਵੇਖੋ 2 ਸਮੂਏਲ 22:31; ਜ਼ਬੂਰ 9:10; 37:3, 5; 40:3, 4; 115:10, 11; ਯਸਾਯਾਹ 26:4; ਫ਼ਿਲਿੱਪੀਆਂ 2:24)।

## ਪ੍ਰਭੂ ਦੇ ਵਚਨ ਤੇ ਨਿਰਭਰ ਰਹੋ, ਨਾ ਕਿ ਆਪਣੀ ਸਮਝ ਤੇ (ਮੱਤੀ 17:22, 23; ਮਰਕੁਸ 9:30-32; ਲੂਕਾ 9:43-45)

ਯਿਸੂ ਅਤੇ ਉਹ ਬਾਰਾਂ ''ਕੈਸਰੀਆ ਫ਼ਿਲਿੱਪੀ ਦੇ ਦੇਸ਼'' (ਮੱਤੀ 16:13; ਵੇਖੋ ਮਰਕੁਸ 8:27) ਤੋਂ ਗਲੀਲ ਵਿਚ ਆਏ (ਮੱਤੀ 17:22; ਮਰਕੁਸ 9:30)।[7] ਪਿਛਲੇ ਦੌਰਿਆਂ ਦੇ ਉਲਟ ਇਸ ਵਾਰ, ਮਸੀਹ ਉਸ ਇਲਾਕੇ ਵਿੱਚੋਂ ਭੀੜ ਵਿਚ ਜਾਣ ਤੋਂ ਲਾਂਭੇ ਰਿਹਾ। ਜਿਵੇਂ ਕਿ ਪਹਿਲਾਂ ਕਿਹਾ ਗਿਆ ਸੀ, ''ਉਹ ਨਹੀਂ ਚਾਹੁੰਦਾ ਸੀ ਜੋ ਕਿਸੇ ਨੂੰ ਖ਼ਬਰ ਹੋਵੇ। ਇਸ ਲਈ ਕਿ ਉਹ ਆਪਣੇ ਚੇਲਿਆਂ ਨੂੰ ਸਿਖਾਲਦਾ ...'' ਸੀ (ਮਰਕੁਸ 9:30, 31)।

ਇਕ ਵਿਸ਼ਾ ਜਿਸ ਤੇ ਉਹ ਬਾਰ ਬਾਰ ਆ ਰਿਹਾ ਸੀ ਉਸਦੀ ਹੋਣ ਵਾਲੀ ਮੌਤ ਦਾ ਸੀ: ''... ਉਹ ਆਪਣੇ ਚੇਲਿਆਂ ਨੂੰ ਸਿਖਾਲਦਾ ਅਤੇ ਉਨ੍ਹਾਂ ਨੂੰ ਆਖਦਾ ਸੀ ਕਿ ਮਨੁੱਖ ਦਾ ਪੁੱਤਰ ਮਨੁੱਖਾਂ ਦੇ ਹੱਥੀਂ ਫੜਵਾਇਆ ਜਾਂਦਾ ਹੈ ਅਤੇ ਉਹ ਉਸ ਨੂੰ ਮਾਰ ਸੁੱਟਣਗੇ, ਅਤੇ ਮਾਰੇ ਜਾਣ ਦੇ ਤਿੰਨ ਦਿਨ ਪਿੱਛੋਂ ਉਹ ਮੁੜ ਜੀ ਉੱਠੇਗਾ''[8] (ਮਰਕੁਸ 9:31; ਵੇਖੋ ਮੱਤੀ 17:22, 23)।

ਲੂਕਾ ਦੇ ਵਿਰਤਾਂਤ ਦੇ ਮੁਤਾਬਿਕ, ਉਸ ਨੇ ਇਸ ਐਲਾਨ ਦੀ ਭੂਮਿਕਾ ਇਹ ਕਹਿ ਕੇ ਬਣਾਈ ਕਿ ''ਇਹ ਗੱਲਾਂ ਤੁਹਾਡੇ ਕੰਨੀ ਪਈਆਂ ਰਹਿਣ'' (ਲੂਕਾ 9:44)। ਇਹ, ਇਹ ਕਹਿਣ ਦਾ ਸਪੱਸ਼ਟ ਢੰਗ ਸੀ ਕਿ ''ਸੁਣੋ, ਧਿਆਨ ਨਾਲ ਸੁਣੋ! ਸੁਣੋ ਅਤੇ ਇਸ ਤੇ ਗ਼ੌਰ ਕਰੋ। ਜੋ ਮੈਂ ਆਖਦਾ ਹਾਂ, ਉਸ ਨੂੰ ਸੁਣੋ ਅਤੇ ਯਾਦ ਰੱਖੋ! ਸੁਣੋ ਅਤੇ ਸਮਝੋ!'' ਸੁਣਨ ਅਤੇ ਗ਼ੌਰ ਨਾਲ ਸੁਣਨ ਵਿਚ ਕਾਫ਼ੀ ਫ਼ਰਕ ਹੈ। ਜਦ ਵੀ ਪ੍ਰਭੂ ਗੱਲ ਕਰਦਾ ਹੈ, ਸਾਨੂੰ ਆਪਣਾ ਕੰਨ ਅਤੇ ਮਨ ਵਿਚ ਉਹਦੀਆਂ ਗੱਲਾਂ ਵਾੜਨੀਆਂ

ਜ਼ਰੂਰੀ ਹਨ, ਤਾਂ ਜੋ ਅਸੀਂ ਉਨ੍ਹਾਂ ਨੂੰ ਆਪਣੀਆਂ ਜ਼ਿੰਦਗੀਆਂ ਵਿਚ ਵਿਖਾ ਸਕੀਏ!

ਚੇਲੇ ਯਿਸੂ ਦੀਆ ਗੱਲਾਂ ਕਰਕੇ ''ਬੜੇ ਉਦਾਸ ਹੋਏ'' ਸਨ (ਮੱਤੀ 17:23), ਪਰ ਇਕ ਵਾਰ ਫੇਰ ''ਇਹ ਗੱਲ ਉਨ੍ਹਾਂ ਦੀ ਸਮਝ ਨਹੀਂ ਆਈ'' (ਮਰਕੁਸ 9:32)। ਉਨ੍ਹਾਂ ਨੂੰ ਉਸ ਦੀ ਮੌਤ ਵਾਲੀ ਗੱਲ ਦੀ ਸਮਝ ਨਹੀਂ ਆਈ, ਕਿਉਂਕਿ ਮਸੀਹ ਦੇ ਮਰਨ ਦਾ ਵਿਚਾਰ ਮਸੀਹਾ ਬਾਰੇ ਉਨ੍ਹਾਂ ਦੀਆਂ ਉਮੀਦਾਂ ਦੇ ਉਲਟ ਸੀ।[9] ਉਨ੍ਹਾਂ ਨੂੰ ਉਸ ਦੇ ਜੀ ਉੱਠਣ ਦੀ ਗੱਲ ਸਮਝ ਦੀ ਨਹੀਂ ਆਈ, ਕਿਉਂਕਿ ਇਹ ਧਾਰਣਾ ਉਨ੍ਹਾਂ ਦੀ ਸਮਝ ਤੋਂ ਬਾਹਰ ਸੀ (ਵੇਖੋ ਮਰਕੁਸ 9:10)।

ਉਨ੍ਹਾਂ ਨੂੰ ਸਮਝ ਤਾਂ ਨਹੀਂ ਆਇਆ ਸੀ, ਪਰ ਹੋਰ ਵਿਆਖਿਆ ਲਈ ਉਹ ''ਉਸ ਨੂੰ ਪੁੱਛਣ ਤੋਂ ਡਰਦੇ ਸਨ'' (ਮਰਕੁਸ 9:32)। ਉਹ ਇਸ ਲਈ ਡਰਦੇ ਹੋਣਗੇ ਕਿਉਂਕਿ ਉਨ੍ਹਾਂ ਨੂੰ ਸਵਾਲ ਪੁੱਛਣ ਤੋਂ ਲਗਦਾ ਹੋਵੇ ਕਿ ਉਨ੍ਹਾਂ ਨੂੰ ਵਿਸ਼ਵਾਸ ਨਹੀਂ ਹੈ। ਹੋ ਸਕਦਾ ਹੈ ਉਹ ਇਸ ਲਈ ਡਰਦੇ ਹੋਣ ਕਿ ਕਿਤੇ ਉਨ੍ਹਾਂ ਨੂੰ ਪਤਰਸ ਵਾਂਗ ਝਿੜਕਾਂ ਨਾ ਪੈਣ (ਮੱਤੀ 16:23)। ਹੋ ਸਕਦਾ ਹੈ ਕਿ ਉਹ ਆਪਣੀ ਅਗਿਆਨਤਾ ਨੂੰ ਲੁਕਾ ਰਹੇ ਹੋਣ। ਮੈਨੂੰ ਬਹੁਤ ਪਹਿਲਾਂ ਇਹ ਗੱਲ ਸਮਝ ਆ ਗਈ ਸੀ ਕਿ ਨਵਾਂ ਗਿਆਨ ਪਾਉਣ ਦਾ ਇੱਕੋ ਢੰਗ ਆਪਣੀ ਅਗਿਆਨਤਾ ਨੂੰ ਮੰਨ ਲੈਣਾ ਹੈ। ਇਵੇਂ ਮੰਨ ਲੈਣਾ ਤਕਲੀਫ਼ਦੇਹ ਤਾਂ ਹੁੰਦਾ ਹੈ, ਪਰ ਇਹ ਜ਼ਰੂਰੀ ਹੈ।

ਇਸ ਘਟਨਾ ਦੇ ਲੂਕਾ ਦੇ ਵਿਰਤਾਂਤ ਵਿਚ ਇਕ ਉਲਝਾਉਣ ਵਾਲਾ ਵੇਰਵਾ ਜੋੜਿਆ ਗਿਆ ਹੈ: ''... ਉਹ ਇਸ ਗੱਲ ਨੂੰ ਨਹੀਂ ਸਮਝਦੇ ਸਨ *ਅਤੇ ਇਹ ਉਨ੍ਹਾਂ ਤੋਂ ਲੁਕੀ ਰਹੀ* ਕਿ ਉਹ ਇਸ ਨੂੰ ਜਾਣ ਨਾ ਪਾਉਣ ...'' (ਲੂਕਾ 9:45)। ਚੇਲਿਆਂ ਵਿੱਚੋਂ ਕਿਸ ਨੇ ਜਾਂ ਕੀ ਲੁਕਾਇਆ ਸੀ? ਹੋ ਸਕਦਾ ਹੈ ਕਿ ਪ੍ਰਭੂ ਨੇ ਇਸ ਦਾ ਜਵਾਬ ਇਸ ਕਰਕੇ ਭੇਤ ਰੱਖਿਆ ਹੋਵੇ, ਕਿਉਂਕਿ ਜੇ ਉਹ ਯਿਸੂ ਦੀ ਗੱਲ ਨੂੰ ਪੂਰੀ ਤਰ੍ਹਾਂ ਸਮਝ ਜਾਂਦੇ ਤਾਂ ਉਸ ਤੋਂ ਬਹੁਤ ਪ੍ਰਭਾਵਿਤ ਹੋ ਜਾਂਦੇ। ਸ਼ੈਤਾਨ ਨੇ ਇਸ ਨੂੰ ਲੁਕਾਇਆ ਹੋ ਸਕਦਾ ਹੈ; ਆਖਰ, ਉਹ ਲੋਕਾਂ ਦੇ ਮਨ ਵਿੱਚੋਂ ਵਚਨ ਨੂੰ ਚੁਰਾਉਣ ਦੀ ਕੋਸ਼ਿਸ਼ ਕਰਦਾ ਰਹਿੰਦਾ ਹੈ (ਲੂਕਾ 8:12)। ਪਰ ਮੈਨੂੰ ਲਗਦਾ ਹੈ ਕਿ ਬਰਟਨ ਕੌਫ਼ਮੈਨ ਸਹੀ ਸੀ, ਜਦ ਉਸ ਨੇ ਕਿਹਾ, ''ਇਹ ਲੁਕਾਇਆ ਜਾਣਾ ਖ਼ੁਦਾ ਦੀ *[ਮੈਂ ਇਸ ਵਿਚ ਜੋੜਦਾ ਹਾਂ, ''ਜਾਂ ਸ਼ੈਤਾਨ ਦੀ'']* ਯੋਜਨਾ ਕਰਕੇ ਨਹੀਂ ਬਲਕਿ ਲੋਕਾਂ ਦੀਆਂ ਹੱਦਾਂ ਕਰਕੇ ਸੀ।''[10] ਇਸੇ ਤਰ੍ਹਾਂ ਲੁਕਾਉਣ ਦਾ ਕੰਮ ਰਾਜ ਬਾਰੇ ਰਸੂਲਾਂ ਦੀ ਪਹਿਲਾਂ ਤੋਂ ਬਣੀ ਧਾਰਣਾ ਨੇ ਕੀਤਾ।

ਇਵੇਂ ਹੋਇਆ ਜਾਂ ਨਹੀਂ, ਪਰ ਚੇਲਿਆਂ ਨੂੰ ਪ੍ਰਭੂ ਵੱਲੋਂ ਆਪਣੀ ਨੇੜੇ ਆ ਰਹੀ ਮੌਤ, ਦਫ਼ਨਾਏ ਜਾਣ ਅਤੇ ਜੀ ਉੱਠਣ ਬਾਰੇ ਕਹੀਆਂ ਗੱਲਾਂ ਨੂੰ ਮੰਨਣਾ ਔਖਾ ਜਾਪਦਾ ਸੀ। ਸ਼ਗਿਰਦੀ ਦੇ ਇਕ ਜ਼ਰੂਰੀ ਗੁਣ ਵਿਚ, ਜੋ ਕੁਝ ਪ੍ਰਭੂ ਆਖਦਾ ਹੈ ਉਸ ਨੂੰ ਮੰਨ ਲੈਣਾ ਹੈ, ਭਾਵੇਂ ਇਹ ਉਸ ਦੇ ਵਿਚਾਰ ਜਾਂ ਤਰਕ ਨਾਲ ਮੇਲ ਖਾਂਦਾ ਹੋਵੇ ਜਾਂ ਨਾ। ਪੌਲੁਸ ਨੇ ਮਨੁੱਖੀ ਬੁੱਧ ਤੇ ਨਿਰਭਰ ਰਹਿਣ ਦੇ ਨਿਕੰਮੇਪਣ ਤੇ ਜ਼ੋਰ ਦਿੰਦਿਆਂ ਲਿਖਿਆ:

> ਸਲੀਬ ਦੀ ਕਥਾ ਤਾਂ ਉਨ੍ਹਾਂ ਦੇ ਭਾਣੇ ਜਿਹੜੇ ਨਾਸ ਹੋ ਰਹੇ ਹਨ ਮੂਰਖਤਾਈ ਹੈ ਪਰੰਤੂ ਸਾਡੇ ਭਾਣੇ ਜਿਹੜੇ ਬਚਾਏ ਜਾਂਦੇ ਹਾਂ ਉਹਾ ਪਰਮੇਸ਼ੁਰ ਦੀ ਸ਼ਕਤੀ ਹੈ। ਕਿਉਂ ਜੋ ਲਿਖਿਆ ਹੋਇਆ ਹੈ, ਮੈਂ ਬੁੱਧਵਾਨਾਂ ਦੀ ਬੁੱਧ ਦਾ ਨਾਸ ਕਰਾਂਗਾ, ਅਤੇ ਚਤਰਿਆਂ ਦੀ ਚਤਰਾਈ ਨੂੰ ਰੱਦ ਕਰਾਂਗਾ। ਕਿੱਥੇ ਬੁੱਧਵਾਨ? ਕਿੱਥੇ ਗ੍ਰੰਥੀ? ਕਿੱਥੇ ਇਸ ਜੁੱਗ ਦਾ ਵਿਵਾਦੀ? ਕੀ ਪਰਮੇਸ਼ੁਰ ਨੇ ਸੰਸਾਰ ਦੀ ਬੁੱਧ ਨੂੰ ਮੂਰਖਤਾਈ ਨਹੀਂ ਠਹਿਰਾਇਆ? ਇਸ ਲਈ ਕਿ ਜਦੋਂ ਪਰਮੇਸ਼ੁਰ ਦੇ ਗਿਆਨ ਤੋਂ ਐਉਂ ਹੋਇਆ ਭਈ ਸੰਸਾਰ ਨੇ ਆਪਣੀ ਬੁੱਧ ਦੇ ਰਾਹੀਂ ਪਰਮੇਸ਼ੁਰ ਨੂੰ ਨਾ ਜਾਣਿਆ ਤਦ ਪਰਮੇਸ਼ੁਰ ਨੂੰ ਇਹ ਭਾਇਆ ਜੋ ਪ੍ਰਚਾਰਕ ਦੀ ਮੂਰਖਤਾਈ ਨਾਲ ਨਿਹਚਾਵਾਨਾਂ ਨੂੰ ਬਚਾਵੇ (1 ਕੁਰਿੰਥੀਆਂ 1:18–21)।

ਅਸਲ ਚੇਲਾ, ਮਨੁੱਖੀ ਤਰਕ ਤੇ ਨਹੀਂ (ਕਹਾਉਤਾਂ 3:5), ਬਲਕਿ ਰੱਬੀ ਮੁਕਾਸ਼ਫ਼ੇ ਤੇ ਨਿਰਭਰ ਰਹਿੰਦਾ ਹੈ (2 ਤਿਮੋਥਿਉਸ 3:16, 17)।

## ਪ੍ਰਭੂ ਦੇ ਕੰਮ ਨੂੰ ਸਾਹਮਣੇ ਰੱਖੋ, ਨਾ ਕਿ ਆਪਣੇ ਹੱਕਾਂ ਨੂੰ (ਮੱਤੀ 17:24-27[11])

ਯਿਸੂ ਅਤੇ ਉਸ ਦਾ ਕਾਫ਼ਲਾ ਗਲੀਲ ਵਿਚ ਘੁੰਮਦੇ ਹੋਏ, ਉਸ ਨਗਰ ਨੂੰ ਆਇਆ, ਜਿੱਥੇ ਪ੍ਰਭੂ ਦੀ ਸੇਵਕਾਈ ਦੌਰਾਨ ਉਸ ਦਾ ਮੁੱਖ ਦਫ਼ਤਰ ਸੀ। ''ਜਾਂ ਉਹ ਕਫ਼ਰਨਹੂਮ ਵਿਚ ਆਏ, ਤਾਂ ਅਠੰਨੀ ਉਗਰਾਹੁਣ ਵਾਲਿਆਂ ਨੇ ਪਤਰਸ ਕੋਲ ਆਣ ਕੇ ਕਿਹਾ, ਕੀ ਤੁਹਾਡਾ ਗੁਰੂ ਅਠੰਨੀ ਨਹੀਂ ਦਿੰਦਾ?'' (ਆਇਤ 24)।

ਯੂਨਾਨੀ ਲਿਖਤ ਵਿਚ ਸਿਰਫ਼ ''ਦੋ ਦ੍ਰਾਖਮਾ'' ਹੈ।[12] ਦ੍ਰਾਖਮਾ[13] ਰੋਮੀ ਦੀਨਾਰ ਦੇ ਮੁੱਲ ਦਾ ਇਕ ਯੂਨਾਨੀ ਸਿੱਕਾ ਸੀ (ਵੇਖੋ ਲੂਕਾ 7:41; ਯੂਹੰਨਾ 6:7) ਜੋ ਕਿ ਅੰਦਾਜ਼ਨ ਇਕ ਆਮ ਮਜ਼ਦੂਰ ਦੀ ਇਕ ਦਿਹਾੜੀ ਹੁੰਦੀ ਸੀ[14] (ਵੇਖੋ ਮੱਤੀ 20:2)।

ਮੂਲ ਲਿਖਤ ਵਿਚ, ਆਇਤ 24 ਵਿਚ ''ਕਰ'' ਸ਼ਬਦ ਨਹੀਂ ਮਿਲਦਾ, ਪਰ ਯਿਸੂ ਨੇ ਆਇਤ 25 ਵਿਚ ਇਸ ਸ਼ਬਦ ਦੀ ਵਰਤੋਂ ਕੀਤੀ ਹੈ। ਕਰ ਇੱਥੇ ਹੈਕਲ ਦੇ ਟੈਕਸ ਨੂੰ ਆਖਿਆ ਗਿਆ ਹੈ।[15] ਮੂਸਾ ਦੀ ਸ਼ਰ੍ਹਾ ਮੁਤਾਬਿਕ ਜ਼ਰੂਰੀ ਸੀ ਕਿ ਵੀਹਾਂ ਸਾਲਾਂ ਦਾ ਜਾਂ ਇਸ ਤੋਂ ਵੱਡਾ, ਹਰ ਯਹੂਦੀ ਮਰਦ ਹੈਕਲ ਦੀ ਦੇਖ ਰੇਖ ਅਤੇ ਬੰਦਗੀ ਦੇ ਖਰਚੇ ਲਈ ਅੱਧਾ ਸ਼ੇਕੇਲ ਦਏ (ਕੂਚ 30:11–16; ਵੇਖੋ 2 ਰਾਜਿਆਂ 12:12; 2 ਇਤਿਹਾਸ 24:5–9; ਨਹਮਯਾਹ 10:32)। ਸ਼ੇਕੇਲ ਅੰਦਾਜ਼ਨ ਚਾਰ ਦੀਨਾਰ ਜਾਂ ਚਾਰ ਦ੍ਰਾਖਮਾ ਜਿੰਨਾ ਹੁੰਦਾ ਸੀ, ਸੋ ਅੱਧਾ ਸ਼ੇਕੇਲ ਦੋ ਦੀਨਾਰ ਜਾਂ ਦੋ ਦ੍ਰਾਖਮਾ ਦੇ ਬਰਾਬਰ ਹੋਇਆ।

ਰੋਮੀ ਮਹਿਸੂਲ ਲੈਣ ਵਾਲੇ ਜਾਂ ਕਰ ਜਮ੍ਹਾ ਕਰਨ ਵਾਲੇ ਦੇ ਉਲਟ, ਇਹ ਕਰ ਲੈਣ ਵਾਲੇ ਹੈਕਲ ਦੇ ਯਹੂਦੀ ਅਧਿਕਾਰੀ ਹੋਣਗੇ। ਕਰ ਆਮ ਤੌਰ ਤੇ ਬਸੰਤ ਰੁੱਤ ਵਿਚ ਦਿੱਤਾ ਜਾਂਦਾ ਸੀ ਅਤੇ ਅਜੇ ਪਤਝੜ ਹੀ ਸ਼ੁਰੂ ਹੋਇਆ ਸੀ, ਪਰ ਮਸੀਹ ਕਈ ਮਹੀਨਿਆਂ ਤੋਂ ਕਫ਼ਰਨਹੂਮ (ਆਪਣੇ ''ਰਹਿਣ ਦੀ ਥਾਂ'') ਤੋਂ ਬਾਹਰ ਸੀ। ਕਰ ਲੈਣ ਵਾਲਿਆਂ ਜਦੋਂ ਸੁਣਿਆ ਕਿ ਉਹ ਨਗਰ ਵਿਚ ਪਰਤ ਆਇਆ ਹੈ ਤਾਂ ਉਹ ਉਸ ਨੂੰ ਢੂੰਡਣ ਲਗ ਪਏ। ਹੋ ਸਕਦਾ ਹੈ ਕਿ ਉਨ੍ਹਾਂ ਇਕ ਕੋਟਾ ਪੂਰਾ ਕਰਨਾ ਹੋਵੇ, ਪਰ ਲਗਦਾ ਹੈ ਕਿ ਉਨ੍ਹਾਂ ਦੀ ਦਿਲਚਸਪੀ ਇਸ ਦੇ ਉਲਟ ਅਪਰਾਧਿਕ ਸਬੂਤ ਇਕੱਠੇ ਕਰਨ ਵਿਚ ਸੀ।

ਕਫ਼ਰਨਹੂਮ ਵਿਚ ਮਸੀਹ ਆਮ ਤੌਰ ਤੇ ਪਰਤਸ ਦੇ ਘਰ ਹੀ ਰੁਕਦਾ ਸੀ (ਵੇਖੋ ਮਰਕੁਸ 1:29, 30; 2:1), ਜਿਸ ਕਰਕੇ ਅਧਿਕਾਰੀ ਉਸ ਨੂੰ ਲੱਭਣ ਲਈ ਉੱਥੇ ਗਏ। ਘਰ ਦੇ ਬਾਹਰ ਹੀ ਪਤਰਸ ਨੂੰ ਵੇਖ ਕੇ,[16] ਉਹ ਪੁੱਛਣ ਲੱਗੇ, ''ਕੀ ਤੁਹਾਡਾ ਗੁਰੂ ਅਠੰਨੀ ਨਹੀਂ ਦਿੰਦਾ?'' (ਮੱਤੀ 17:24)। ਹਾਜ਼ਰ ਜਵਾਬ ਚੇਲੇ ਨੇ ਕਿਹਾ, ''ਹਾਂ, ਦਿੰਦਾ ਹੈ'' (ਆਇਤ 25)। ਹੋ ਸਕਦਾ ਹੈ ਕਿ ਉਸ ਨੇ ''ਹਾਂ'' ਇਸ ਲਈ ਆਖਿਆ ਹੋਵੇ, ਕਿਉਂਕਿ ਪ੍ਰਭੂ ਨੇ ਪਹਿਲਾਂ ਇਕ ਵਾਰ ਮਹਿਸੂਲ ਦਿੱਤਾ ਸੀ। ਸ਼ਾਇਦ ਉਸ ਨੇ ਇਹ ਜਵਾਬ ਇਸ ਲਈ ਦਿੱਤਾ, ਕਿਉਂਕਿ ਉਹ ਜਾਣਦਾ ਸੀ ਕਿ ਮਸੀਹ ਨੇ ਕਾਨੂੰਨ ਦਾ ਪਾਲਣ ਕਰਨਾ ਸਿਖਾਇਆ ਸੀ। ਸ਼ਾਇਦ, ਜਿਵੇਂ ਕਿ ਪਤਰਸ ਨਾਲ ਆਮ ਤੌਰ ਤੇ ਹੁੰਦਾ ਸੀ, ਉਸ ਨੇ ਉਹੀ ਕਿਹਾ ਜੋ ਉਸ ਵਕਤ ਉਸ ਦੇ ਮਨ ਵਿਚ ਆਇਆ।

ਪਤਰਸ ਦਾ ਜੋ ਵੀ ਕਾਰਣ ਹੋਵੇ, ਪਰ ਪ੍ਰਭੂ ਜੋ ਜਾਣਦਾ ਸੀ ਕਿ ਕੀ ਹੋਇਆ ਹੈ, ਉਸ ਨੇ ਇਕ ਅਹਿਮ ਸਬਕ ਸਿਖਾਉਣ ਲਈ ਮੌਕੇ ਦੇ ਰੂਪ ਵਿਚ ਵੇਖਿਆ। ''ਜਦ [ਰਸੂਲ] ਘਰ ਵਿਚ ਆਇਆ,'' ਘਟਨਾ ਵਿਚ ਜੁੜਨ ਤੋਂ ਪਹਿਲਾਂ, ''ਯਿਸੂ ਨੇ ਅੱਗੋਂ ਹੀ ਉਸ ਨੂੰ ਕਿਹਾ, ਹੇ ਸ਼ਮਊਨ! ਤੂੰ ਕੀ ਸਮਝਦਾ ਹੈਂ? ਧਰਤੀ ਦੇ ਰਾਜੇ ਕਿਨ੍ਹਾਂ ਤੋਂ ਕਰ ਜਾਂ ਮਹਿਸੂਲ ਲੈਂਦੇ ਹਨ, ਆਪਣੇ ਪੁੱਤਰਾਂ ਤੋਂ ਜਾਂ ਪਰਾਇਆਂ

ਤੋਂ?'' (ਆਇਤ 25)। ਪਤਰਸ ਨੂੰ ਇਸ ਸਵਾਲ ਤੋਂ ਕੋਈ ਪਰੇਸ਼ਾਨੀ ਨਹੀਂ ਸੀ ਹੋਈ। ਉਸ ਨੇ ਫ਼ੌਰਨ ਜਵਾਬ ਦਿੱਤਾ, ''ਪਰਾਇਆਂ ਤੋਂ'' (ਆਇਤ 26)। ਯਿਸੂ ਨੇ ਜਵਾਬ ਵਿਚ ਕਿਹਾ, ''ਫਿਰ ਪੁੱਤਰ ਤਾਂ ਮਾਫ਼ ਹੋਏ'' (ਆਇਤ 26)। ਸਪੱਸ਼ਟ ਸੰਕੇਤ ਇਹੀ ਹੈ ਕਿ ਰਾਜੇ (ਖ਼ੁਦਾ) ਦਾ ਪੁੱਤਰ ਹੋਣ ਕਰਕੇ, ਮਸੀਹ ਨੂੰ ਆਪਣੇ ਪਿਤਾ ਦੇ ਘਰ (ਹੈਕਲ) ਦਾ ਕਰ ਅਦਾ ਕਰਨ ਤੋਂ ਛੋਟ ਹੈ।[17] ਇਸ ਨੂੰ ਹੋਰ ਢੰਗ ਨਾਲ ਕਹੋ ਤਾਂ ਉਸ ਨੂੰ ਇਖ਼ਤਿਆਰ ਸੀ ਕਿ ਉਹ ਕਰ ਨਾ ਦਵੇ ਪਰ ਪਤਰਸ ਨੂੰ ਸਿਖਾਉਣਾ ਜ਼ਰੂਰੀ ਸੀ ਕਿ ਜੇ ਅਜਿਹਾ ਕਰਕੇ ਚੇਲਾ ਜੇ ਪ੍ਰਭੂ ਦੇ ਮਕਸਦ ਨੂੰ ਨੁਕਸਾਨ ਪਹੁਚਾਉਂਦਾ ਹੈ, ਤਾਂ ਉਸ ਨੂੰ ਆਪਣੇ ਹੱਕਾਂ ਤੇ ਜ਼ੋਰ ਨਹੀਂ ਦੇਣਾ ਚਾਹੀਦਾ।

ਯਿਸੂ ਨੇ ਅੱਗੇ ਕਿਹਾ, ''ਪਰ ਇਸ ਲਈ ਜੋ ਅਸੀਂ ਉਨ੍ਹਾਂ ਨੂੰ ਠੋਕਰ ਨਾ ਖੁਆਈਏ ਤੂੰ ਜਾ ਕੇ ਝੀਲ ਵਿਚ ਕੁੰਡੀ ਸੁੱਟ ਅਤੇ ਜੋ ਮੱਛੀ ਪਹਿਲਾਂ ਨਿਕਲੇ ਉਹ ਨੂੰ ਚੁੱਕ[18] ਅਤੇ ਤੂੰ ਉਹ ਦਾ ਮੂੰਹ ਖੋਲ੍ਹ ਕੇ ਇਕ ਰੁਪਿਆ ਪਾਵੇਂਗਾ ਸੋ ਉਹ ਨੂੰ ਲੈ ਕੇ ਮੇਰੇ ਅਤੇ ਆਪਣੇ ਬਦਲੇ ਉਨ੍ਹਾਂ ਨੂੰ ਦੇ ਦਵੀਂ'' (ਆਇਤ 27)। ਰਿਚਰਡ ਰੋਜਰਸ ਨੇ ਲਿਖਿਆ ਹੈ ''ਕਿੰਨਾ ਵਿਰੋਧਾਭਾਸ ਹੈ! ਇਕ ਰਾਜਾ ਕੰਗਾਲੀ ਦਾ ਐਨਾ ਮਾਰਿਆ ਹੈ ਕਿ ਹੈਕਲ ਦਾ ਟੈਕਸ ਅੱਧਾ ਸ਼ੇਕੇਲ ਹੀ ਦਿੰਦਾ ਹੈ।''[19] ਅਨੁਵਾਦ ਹੋਇਆ ਸ਼ਬਦ ''ਰੁਪਿਆ'' ਯੂਨਾਨੀ ਭਾਸ਼ਾ ਵਿਚ *sater* ਹੈ, ਜੋ ਕਿ ਚਾਰ ਦ੍ਰਾਖਮਾ ਦੀ ਕੀਮਤ ਵਾਲਾ ਇਕ ਯੂਨਾਨੀ ਸਿੱਕਾ ਹੈ,[20] ਜੋ ਦੋ ਜਣਿਆਂ ਲਈ ਹੈਕਲ ਦਾ ਕਰ ਚੁਕਾਉਣ ਲਈ ਕਾਫ਼ੀ ਸੀ।

ਮਸੀਹ ਵੱਲੋਂ ਸੁਝਾਇਆ ਗਿਆ ਮੋਅਜਜ਼ਾ ਨਿਰਾਲਾ ਹੀ ਹੈ। ਇਹੀ ਇਕ ਮੋਅਜਜ਼ਾ ਹੈ ਜਿਸ ਵਿਚ ਧਨ ਸ਼ਾਮਲ ਹੈ, ਇਹੀ ਇਕ ਮੋਅਜਜ਼ਾ ਹੈ ਜਿਸ ਤੋਂ ਉਸ ਨੂੰ ਨਿੱਜੀ ਲਾਭ ਹੋਇਆ। ਇਹੀ ਇੱਕੋ ਇਕ ਮੋਅਜਜ਼ੇ ਦੀ ਘਟਨਾ ਹੈ, ਜਿਸ ਦੇ ਨਤੀਜੇ ਬਾਰੇ ਨਹੀਂ ਦੱਸਿਆ ਗਿਆ, ਅਤੇ ਬੇਸ਼ੱਕ ਇਹ ਪ੍ਰਭੂ ਦੇ ਮੋਅਜਜ਼ਿਆਂ ਵਿਚ ਸਭ ਤੋਂ ਅਨੋਖਾ ਹੈ। ਯਕੀਨਨ, ਅਸੀਂ ਯਿਸੂ ਵੱਲੋਂ ਇਕ *ਮਛੇਰੇ* ਦੇ ਸ਼ਬਦਾਂ ਵਿਚ ਹਾਸੇ ਵਾਲੀ ਗੱਲ ਵੇਖਦੇ ਹਾਂ ਕਿ ਜਿਹੜਾ ਅਕਸਰ ਬਿਨਾਂ ਵਿਚਾਰੇ ਹੀ ਮੂੰਹੋਂ ਗੱਲ ਕੱਢ ਦਿੰਦਾ ਸੀ, ਉਸ ਨੂੰ ਆਪਣੀਆਂ ਮੁਸ਼ਕਿਲਾਂ ਦਾ ਹੱਲ *ਮੱਛੀ ਦੇ ਮੂੰਹ* ਵਿੱਚੋਂ ਲੱਭਣ ਲਈ ਆਖਿਆ ਗਿਆ।

ਪਰ, ਧਿਆਨ ਰਹੇ ਕਿ ਮੋਅਜਜ਼ੇ ਦੀ ਚਮਕ ਨਾਲ ਯਿਸੂ ਦੀ ਹਦਾਇਤ ਦੇ ਮੁੱਖ ਸ਼ਬਦ ਓਹਲੇ ਨਾ ਹੋ ਜਾਣ: ''ਇਸ ਲਈ ਜੋ ਅਸੀਂ ਉਨ੍ਹਾਂ ਨੂੰ ਠੋਕਰ ਨਾ ਖੁਆਈਏ।'' ਯੂਨਾਨੀ ਸ਼ਬਦ ''ਠੋਕਰ'' ਉਹ ਸ਼ਬਦ ਹੈ, ਜਿਸ ਤੋਂ ਸਾਨੂੰ ''ਠੇਸ ਲਾਉਣਾ'' ਸ਼ਬਦ ਮਿਲਦਾ ਹੈ। ਮਸੀਹ ਦਾ ਮਕਸਦ ਅਧਿਕਾਰੀਆਂ ਦੀ ਸੰਵੇਦਨਾ ਨੂੰ ਠੋਕਰ ਪੁਚਾਉਣਾ ਨਹੀਂ ਸੀ। ਉਸ ਦਾ ਮਕਸਦ ਕੁਝ ਅਜਿਹਾ ਕਰਨਾ ਸੀ, ਜਿਸ ਨਾਲ ਉਸ ਦੀ ਸੇਵਕਾਈ ਤੇ ਉਲਟ ਪ੍ਰਕਾਸ਼ ਪਵੇ। ਉਹ ਪਤਰਸ ਨੂੰ ਸਮਝਾਉਣਾ ਚਾਹੁੰਦਾ ਸੀ ਕਿ ਸਹੀ ਕੰਮ ਕਰਨ ਲਈ ਆਪਣੇ ਹੱਕਾਂ ਨੂੰ ਪਿੱਛੇ ਕਰਨਾ ਜ਼ਰੂਰੀ ਸੀ।

ਇਹ ਵਿਚਾਰ ''ਔਖੀ ਗੱਲ'' (ਯੂਹੰਨਾ 6:60; KJV) ਹੈ। ਆਪਣੇ ਹੱਕਾਂ ਦੀ ਮੰਗ ਕਰਨਾ ਸੁਭਾਵਿਕ ਹੈ। ਅਸੀਂ ਚਾਹੁੰਦੇ ਹਾਂ ਕਿ ਸਾਨੂੰ ਸਾਡਾ ਹੱਕ ਮਿਲੇ। ਅਸੀਂ ਕਿਸੇ ਵੀ ਬੰਦੇ ਦਾ, ਜਿਹੜਾ ਸਾਨੂੰ ਸਾਡੇ ਹੱਕਾਂ ਤੋਂ ਵਾਂਝਿਆਂ ਰੱਖਦਾ ਹਾਂ, ਵਿਰੋਧ ਕਰਾਂਗੇ। ਯਿਸੂ ਸਾਨੂੰ ਸੁਭਾਵਿਕ ਜੋਸ਼ ਤੋਂ ਉੱਪਰ ਉੱਠ ਕੇ ਹਮੇਸ਼ਾ ਇਹ ਸੋਚਣ ਲਈ ਆਖਦਾ ਹੈ ਕਿ ਸਾਡੇ ਕੰਮਾਂ ਨਾਲ ਉਸ ਦਾ ਮਕਸਦ ਕਿਵੇਂ ਪ੍ਰਭਾਵਿਤ ਹੋਵੇਗਾ। ਲਿਖਤ ਦੇ ਇਨ੍ਹਾਂ ਸ਼ਬਦਾਂ ਦੀ ਵਰਤੋਂ ਕਰਦਿਆਂ, ਜੇ ਆਪਣੇ ਹੱਕਾਂ ਨੂੰ ਜ਼ੋਰ ਦੇਣ ਤੇ ਮਸੀਹ ਦੇ ਉਦੇਸ਼ ਲਈ ''ਰੁਕਾਵਟ'' ਬਣਦੀ ਹੈ, ਤਾਂ ਸਾਨੂੰ ਆਪਣੇ ਹੱਕ ਤਿਆਗ ਦੇਣੇ ਚਾਹੀਦੇ ਹਨ।

ਯਿਸੂ ਨੇ ਅਜਿਹੇ ਤਿਆਗ ਦੀ ਸਿੱਖਿਆ ਹੀ ਨਹੀਂ ਦਿੱਤੀ, ਬਲਕਿ ਉਸ ਨੇ ਜ਼ਿੰਦਗੀ ਵਿਚ ਵੀ ਇਸ ਨੂੰ ਹੰਢਾਇਆ ਸੀ, ਅਸੀਂ ਉਸਦੀ ਸੇਵਕਾਈ ਦੇ ਆਰੰਭ ਵਿਚ ਇਸ ਦਾ ਪ੍ਰਦਰਸ਼ਨ ਵੇਖਿਆ ਸੀ: ''ਨਿਸ਼ਪਾਪ'' ਹੋਣ ਕਰਕੇ ਉਸ ਨੂੰ ਹੱਕ ਸੀ ਕਿ ਯੂਹੰਨਾ ਤੋਂ ਬਪਤਿਸਮਾ ਨਾ ਲਵੇ (ਇਬਰਾਨੀਆਂ 4:15; ਵੇਖੋ ਮੱਤੀ 3:14), ਪਰ ਉਸ ਨੇ ''ਸਾਰੀ ਧਾਰਮਿਕਤਾ ਨੂੰ ਪੂਰਿਆਂ ਕਰਨ'' ਲਈ ਆਪਣੇ ਇਸ ਹੱਕ ਦਾ ਤਿਆਗ ਕੀਤਾ (ਮੱਤੀ 3:15)। ਮਸੀਹ ਦੀ ਸੇਵਕਾਈ ਦੇ ਅੰਤ ਵਿਚ ਅਸੀਂ ਇਕ

ਨਮੂਨਾ ਵੇਖੀਏ: ਉਸ ਨੂੰ ਹੱਕ ਸੀ ਕਿ ਨਾ ਮਰੇ ਕਿਉਂਕਿ ਉਸ ਨੇ ਮਾਰੇ ਜਾਣ ਯੋਗ ਕੋਈ ਕੰਮ ਨਹੀਂ ਕੀਤਾ ਸੀ (ਲੂਕਾ 23:4), ਪਰ ਉਸ ਨੇ ਉਸ ਹੱਕ ਨੂੰ ਛੱਡਿਆ, ਤਾਂ ਜੋ ਸਾਡਾ ਛੁਟਕਾਰਾ ਹੋ ਸਕੇ (1 ਕੁਰਿੰਥੀਆਂ 15:3)।

ਸੱਚਾ ਚੇਲਾ ਆਪਣੇ ਹੱਕਾਂ ਦੀ ਐਨੀ ਪਰਵਾਹ ਨਹੀਂ ਕਰਦਾ, ਜਿੰਨੀ ਕਿ ਪ੍ਰਭੂ ਦੀ ਮਹਿਮਾ ਪਾਉਂਦੇ ਵੇਖਣਾ ਅਤੇ ਉਸ ਦੇ ਕੰਮ ਦੇ ਵਧਣ ਦੀ ਕਰਦਾ ਹੈ![21]

## ਪ੍ਰਭੂ ਦੇ ਕੰਮ ਨੂੰ ਵਧਾਓ, ਨਾ ਕਿ ਆਪਣੇ ਹਿੱਤਾਂ ਨੂੰ (ਮੱਤੀ 18:1-14; 9:33-50; ਲੂਕਾ 9:46-50)

ਕੁਝ ਸਮਾਂ ਪਹਿਲਾਂ, ਯਿਸੂ ਨੇ ਮਸੀਹਾ ਦੇ ਆਪਣੇ ਰਾਜ ਨੂੰ ਜਿਸ ਨੂੰ ਉਸਨੇ ਬਣਾਉਣਾ ਸੀ, ਕਲੀਸੀਆ ਦੇ ਰੂਪ ਵਿਚ ਦੱਸਿਆ ਸੀ (ਮੱਤੀ 16:18, 19)। ਉਹ ਆਪਣੇ ਚੇਲਿਆਂ ਨੂੰ ਸਮਝਾਉਣ ਦੀ ਲਗਾਤਾਰ ਕੋਸ਼ਿਸ਼ ਕਰ ਰਿਹਾ ਸੀ, ਕਿ ਉਸ ਦਾ ਰਾਜ ਦੁਨਿਆਵੀ, ਧਰਤੀ ਦਾ ਜਾਂ ਸਿਆਸੀ ਨਹੀਂ, ਬਲਕਿ ਰੂਹਾਨੀ ਹੋਵੇਗਾ। ਇਹ ਕਿਸੇ ਨਕਸੇ ਤੇ ਨਹੀਂ, ਬਲਕਿ ਲੋਕਾਂ ਦੇ ਦਿਲਾਂ ਤੇ ਬਣਿਆ ਹੋਣਾ ਸੀ। ਉਸ ਦੇ ਚੇਲੇ ਇਸ ਨੂੰ ਸਮਝਣ ਵਿਚ ਪੂਰੀ ਤਰ੍ਹਾਂ ਨਾਕਾਮ ਰਹੇ। ਉਨ੍ਹਾਂ ਦੀ ਨਾਸਮਝੀ ਅਗਲੀ ਘਟਨਾ ਤੋਂ ਪਤਾ ਲਗਦੀ ਹੈ।

ਇਕ ਦਿਨ ਜਦ ਉਹ ਜਾ ਰਹੇ ਸਨ, ਤਾਂ ਬਾਰ੍ਹਾਂ ਵਿਚ ਬਹਿਸ ਸ਼ੁਰੂ ਹੋ ਗਈ ਕਿ ''ਰਾਜ ਵਿਚ'' ''ਉਨ੍ਹਾਂ ਵਿੱਚੋਂ ਸਭ ਤੋਂ ਵੱਡਾ ਕੌਣ'' ਹੋਵੇਗਾ (ਲੂਕਾ 9:46; ਵੇਖੋ ਮੱਤੀ 18:1; ਮਰਕੁਸ 9:34)। ਉਨ੍ਹਾਂ ਵਿਚ ਬਹਿਸ ਪਤਰਸ ਨਾਲ ਕੀਤੇ ਗਏ ਯਿਸੂ ਦੇ ਵਾਅਦੇ ਦੇ ਕਾਰਣ (ਮੱਤੀ 16:19) ਜਾਂ ਪ੍ਰਭੂ ਵੱਲੋਂ ਸਿਰਫ਼ ਪਤਰਸ, ਯਾਕੂਬ ਜਾਂ ਯੂਹੰਨਾ ਨੂੰ ਆਪਣੇ ਨਾਲ ਪਹਾੜ ਤੇ ਲਿਜਾਣ ਕਰਕੇ ਹੋਈ ਸੀ (ਮੱਤੀ 17:1)। ਸਾਨੂੰ ਵਿਸਤਾਰ ਨਾਲ ਤਾਂ ਨਹੀਂ ਪਤਾ ਹੈ ਕਿ ਉੱਥੇ ਕੀ ਹੋਇਆ ਹੋਵੇਗਾ, ਪਰ ਕਿਸੇ ਰਸੂਲ ਨੂੰ ਵੀ ਭਾਵੇਂ ਉਹ ਪਤਰਸ, ਯਾਕੂਬ, ਅਤੇ ਯੂਹੰਨਾ ਹੀ ਕਿਉਂ ਨਾ ਹੋਣ, ਜਿਨ੍ਹਾਂ ਨੂੰ ਮੰਨਿਆਂ ਜਾਂਦਾ ਸੀ ਕਿ ਪ੍ਰਭੂ ਧਰਤੀ ਦੇ ਰਾਜ ਵਿਚ ਉੱਚੇ ਅਹੁਦਿਆਂ ਤੇ ਬਿਠਾਉਣ ਦੀ ਸੋਚ ਰਿਹਾ ਹੈ,ਬਹਿਸ ਵਿੱਚੋਂ ਕੱਢਣ ਦਾ ਕੋਈ ਕਾਰਣ ਨਹੀਂ ਹੈ।[22]

ਟਿਕਾਣੇ ਤੇ ਪਹੁੰਚ ਕੇ,[23] ਮਸੀਹ ਨੇ ਉਨ੍ਹਾਂ ਤੋਂ ਪੁੱਛਿਆ, ''ਤੁਸੀਂ ਰਾਹ ਵਿਚ ਕੀ ਗੱਲਾਂ ਬਾਤਾਂ ਕਰਦੇ ਸਾਓ?'' (ਮਰਕੁਸ 9:33)। ਪਹਿਲਾਂ ਤਾਂ, ਉਨ੍ਹਾਂ ਕੋਈ ਜਵਾਬ ਨਹੀਂ ਦਿੱਤਾ (ਮਰਕੁਸ 9:34), ਸ਼ਾਇਦ ਘਬਰਾ ਗਏ ਸਨ। ਪਰ ਜਦ ਇਹ ਸਪੱਸ਼ਟ ਹੋ ਗਿਆ ਕਿ ਯਿਸੂ ਨੂੰ ਪਤਾ ਹੈ ਕਿ ਉਹ ਕੀ ਚਰਚਾ ਕਰ ਰਹੇ ਹਨ (ਲੂਕਾ 9:47), ਤਾਂ ਉਨ੍ਹਾਂ ਨੇ ਪੁੱਛ ਲਿਆ, ''ਸੁਰਗ ਦੇ ਰਾਜ ਵਿਚ ਵੱਡਾ ਕੌਣ ਹੈ?'' (ਮੱਤੀ 18:1)।

### ਬੱਚਿਆਂ ਬਾਰੇ ਬੁਨਿਆਦੀ ਸਬਕ

ਜੇ. ਡਬਲਯੂ. ਮੈਕਗਰਵੇ ਨੇ ਲਿਖਿਆ ਹੈ, ''ਯਿਸੂ ਪਤਰਸ ਦੇ ਪ੍ਰਮੁੱਖ ਹੋਣ ਦੀ ਗੱਲ ਦੱਸਣਾ ਚਾਹੁੰਦਾ ਸੀ, ਤਾਂ ਇਸ ਨਾਲੋਂ ਵੱਧੀਆ ਮੌਕਾ ਨਹੀਂ ਸੀ।''[24] ਇਸ ਦੇ ਉਲਟ ਮਸੀਹ ਨੇ ਇਸ ਮੌਕੇ ਦੀ ਵਰਤੋਂ ਸਭ ਤੋਂ ਜ਼ਰੂਰੀ ਸਬਕ ਸਿਖਾਉਣ ਲਈ ਕੀਤੀ, ''ਜੇ ਕੋਈ ਪਹਿਲਾ ਹੋਣਾ ਚਾਹੇ ਤਾਂ ਉਹ ਸਭਨਾਂ ਤੋਂ ਪਿਛਲਾ ਅਤੇ ਸਭਨਾਂ ਦਾ ਟਹਿਲੂਆ ਹੋਵੇ;'' ''ਕਿਉਂਕਿ ਜੋ ਕੋਈ ਤੁਸਾਂ ਸਭਨਾਂ ਵਿੱਚੋਂ ਹੋਰਨਾ ਨਾਲੋਂ ਛੋਟਾ ਹੈ ਸੋਈ ਵੱਡਾ ਹੈ'' (ਮਰਕੁਸ 9:35; ਲੂਕਾ 9:48)।

ਇਸ ਉਪਦੇਸ਼ ਨੂੰ ਚੰਗੀ ਤਰ੍ਹਾਂ ਸਮਝਾਉਣ ਲਈ ਉੱਤਮ ਗੁਰੂ ਨੇ ਵਿਜ਼ੁਅਲ ਏਡ ਦੀ ਵਰਤੋਂ ਕੀਤੀ: ''ਉਸ ਨੇ ਇਕ ਛੋਟੇ ਬਾਲਕ[25] ਨੂੰ ਕੋਲ ਸੱਦ ਕੇ ਉਸ ਨੂੰ ਉਨ੍ਹਾਂ ਦੇ ਵਿਚਾਲੇ ਖੜਾ ਕੀਤਾ'' (ਮੱਤੀ 18:2)। ''ਬਾਲਕ ਨੂੰ (ਕਲਾਵੇ ਵਿਚ) ਲੈ ਕੇ'' (ਮਰਕੁਸ 9:36), ਉਸ ਨੇ ਉਨ੍ਹਾ ਨੂੰ ਆਖਿਆ,

''ਮੈਂ ਤੁਹਾਨੂੰ ਸਤ ਆਖਦਾ ਹਾਂ ਭਈ ਜੇ ਤੁਸੀਂ ਨਾ ਮੁੜੋ ਅਤੇ ਛੋਟਿਆਂ ਬਾਲਕਾਂ ਵਾਂਗੂ ਨਾ ਬਣੋ ਤਾਂ ਸੁਰਗ ਦੇ ਰਾਜ ਵਿਚ ਕਦੀ ਨਾ ਵੜੋਗੇ। ਉਪਰੰਤ ਜੋ ਕੋਈ ਆਪਣੇ ਆਪ ਨੂੰ ਇਸ ਬਾਲਕ ਵਾਂਗੂ ਛੋਟਾ ਜਾਣੇ ਸੋਈ ਸੁਰਗ ਦੇ ਰਾਜ ਵਿਚ ਸਭਨਾਂ ਨਾਲੋਂ ਵੱਡਾ ਹੈ'' (ਮੱਤੀ 18:3, 4)।

ਮਸੀਹ ਦੀਆਂ ਗੱਲਾਂ ਵਿੱਚੋਂ ਕਈ ਹਕੀਕਤਾਂ ਦਾ ਪਤਾ ਲਗ ਸਕਦਾ ਹੈ। ਉਦਾਹਰਣ ਲਈ ਉਨ੍ਹਾਂ ਤੋਂ ਮੌਰੂਸੀ ਗੁਨਾਹ ਵਾਲੀ ਸਿੱਖਿਆ ਦੀ ਖਾਮੀ ਦਾ ਪਤਾ ਲਗਦਾ ਹੈ ਜਿਸ ਵਿਚ ਇਹ ਮੰਨਿਆ ਜਾਂਦਾ ਹੈ ਕਿ ਆਦਮ ਦਾ ਪਾਪ ਮਿਰਾਸ ਵਿਚ ਮਿਲਣ ਕਰਕੇ ਬੱਚਾ ਪੈਦਾ ਹੀ ''ਮੌਰੂਸੀ ਗੁਨਾਹ'' ਦੇ ਨਾਲ ਹੁੰਦਾ ਹੈ। ਯਿਸੂ ਨੇ ਕਿਹਾ ਕਿ ਰਾਜ ਵਿਚ ਵੜਨ ਲਈ ਸਾਨੂੰ ਬੱਚਿਆਂ *ਵਰਗੇ* ਬਣਨਾ ਜ਼ਰੂਰੀ ਹੈ। ਫਿਰ ਪ੍ਰਭੂ ਦੇ ਸ਼ਬਦਾਂ ਨੂੰ ਨਵਜੰਮੇ ਬੱਚਿਆਂ ਦੇ ਕਥਿਤ ਬਪਤਿਸਮੇ ਦੇ ਭਰਮ ਦਾ ਵੀ ਪਤਾ ਲਗਦਾ ਹੈ, ਭਾਵ ਇਹ ਕਿ ਬੱਚਾ ''ਜਿਸ ਹਾਲਤ ਵਿਚ ਹੈ'' ਉਸੇ ਹਾਲਤ ਵਿਚ ਰਾਜ ਵਾਸਤੇ ਤਿਆਰ ਹੈ ਅਤੇ ਉਸ ਨੂੰ ਮਨੁੱਖਾਂ ਵੱਲੋਂ ਬਣਾਈ ਕਿਸੇ ਰੀਤ ਨੂੰ ਮੰਨਣ ਦੀ ਲੋੜ ਨਹੀਂ ਹੈ।

ਪਰ ਮਸੀਹ ਆਪਣੀ ਮਿਸਾਲ ਵਿਚ ਜਿਸ ਹਕੀਕਤ ਉੱਤੇ ਧਿਆਨ ਦੁਆ ਰਿਹਾ ਸੀ ਉਹ ਹਲੀਮੀ ਦੀ ਲੋੜ,[26] ਭਾਵ ਸੇਵਾ ਕਰਾਉਣ ਦੀ ਥਾਂ ਸੇਵਾ ਕਰਨ ਦੀ ਇੱਛਾ ਦਾ ਹੋਣਾ ਹੈ। ਉਸ ਜ਼ਮਾਨੇ ਵਿਚ ਬੱਚਿਆਂ ਨੂੰ ਸਮਾਜਿਕ ਤੌਰ ਤੇ ਅਹਿਮੀਅਤ ਨਹੀਂ ਦਿੱਤੀ ਜਾਂਦੀ ਸੀ। ਅੱਜ ਤਾਂ ਬੱਚਿਆਂ ਨੂੰ ਆਮ ਤੌਰ ਤੇ ਪਹਿਲ ਦਿੱਤੀ ਜਾਂਦੀ ਹੈ ਪਰ ਉਸ ਵਕਤ ਉਨ੍ਹਾਂ ਨੂੰ ਪਿੱਛੇ ਹੀ ਰੱਖਿਆ ਜਾਂਦਾ ਸੀ। ਪ੍ਰਭੂ ਆਪਣੇ ਚੇਲਿਆਂ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਉਸ ਦੇ ਰਾਜ ਵਿਚ ਅਹਿਮ ਹੋਣ ਵਾਸਤੇ ਉਨ੍ਹਾਂ ਨੂੰ ਇਕ ਨਿਗੂਣੀ ਭੂਮਿਕਾ ਪਾਉਣ ਲਈ ਤਿਆਰ ਰਹਿਣਾ ਜ਼ਰੂਰੀ ਹੈ।[27]

ਹਲੀਮੀ ਦੀ ਲੋੜ ਪੂਰੇ ਨਵੇਂ ਨੇਮ ਵਿਚ ਦੱਸੀ ਗਈ ਹੈ।[28] ਪੌਲੁਸ ਨੇ ਆਖਿਆ, ''... ਧੜੇਬਾਜ਼ੀਆਂ ਅਥਵਾ ਫੋਕੇ ਘੁਮੰਡ ਨਾਲ ਕੁਝ ਨਾ ਕਰੋ ਬਲਕਿ ਤੁਸੀਂ ਅਧੀਨਗੀ ਨਾਲ ਇਕ ਦੂਏ ਨੂੰ ਅਪਣੇ ਆਪ ਤੋਂ ਉੱਤਮ ਜਾਣੋ'' (ਫ਼ਿਲਿੱਪੀਆਂ 2:3)। ਪਤਰਸ ਨੇ ਲਿਖਿਆ:

> ... ਤੁਸੀਂ ਸੱਭੇ ਇਕ ਦੂਏ ਦੀ ਟਹਿਲ ਕਰਨ ਲਈ ਮਨ ਦੀ ਹਲੀਮੀ ਨਾਲ ਲੱਕ ਬੰਨ੍ਹੋ, ਇਸ ਲਈ ਜੋ ਪਰਮੇਸ਼ੁਰ ਹੰਕਾਰੀਆਂ ਦਾ ਸਾਹਮਣਾ ਕਰਦਾ ਪਰ ਹਲੀਮਾਂ ਨੂੰ ਕਿਰਪਾ ਬਖ਼ਸ਼ਦਾ ਹੈ।
>
> ਸੋ ਆਪਣੇ ਆਪ ਨੂੰ ਪਰਮੇਸ਼ੁਰ ਦੇ ਬਲਵੰਤ ਹੱਥ ਦੇ ਹੇਠ ਨੀਵਿਆਂ ਕਰੋ ਭਈ ਉਹ ਤੁਹਾਨੂੰ ਵੇਲੇ ਸਿਰ ਉੱਚਿਆਂ ਕਰੇ (1 ਪਤਰਸ 5:5, 6)।

ਪਹਿਲਾ ਬਣਨ ਲਈ ਆਖ਼ਰੀ ਬਣਨਾ ਜ਼ਰੂਰੀ ਹੈ! ਮਹਾਨ ਬਣਨ ਲਈ, ਤੁੱਛ ਬਣਨਾ ਜ਼ਰੂਰੀ ਹੈ! ਪਹਿਲੀ ਸਦੀ ਦੇ ਸਰੋਤਿਆਂ ਲਈ ਇਨ੍ਹਾਂ ਸਿੱਖਿਆਵਾਂ ਨੂੰ ਸਮਝਣਾ ਔਖਾ ਸੀ, ਕਬੂਲ ਕਰਨਾ ਤਾਂ ਬਹੁਤ ਦੂਰ ਦੀ ਗੱਲ ਸੀ। ਅੱਜ ਦੇ ਆਪਣੇ ਆਪ ਵਿਚ ਫੁੱਲੇ ਅਤੇ ਆਪਣੇ ਆਪ ਨੂੰ ਉੱਚਾ ਕਰਨ ਵਾਲੇ ਇਸ ਘੁਮੰਡੀ ਸੰਸਾਰ ਵਿਚ ਇਹ ਹੋਰ ਵੀ ਔਖਾ ਹੈ। ਜੇ ਤੁਸੀਂ ਮੇਰੇ ਵਰਗੇ ਹੋ, ਤਾਂ ਮਸੀਹ ਦੇ ਬੋਲ ਤੁਹਾਡੇ ਮਨ ਵਿਚ ਇਕ ਦੁਆ ਵਾਂਗ ਆਉਂਦੇ ਹਨ: ''ਹੇ ਪਰਮੇਸ਼ੁਰ, ਹੋਰ ਦੀਨ ਬਣਨ ਵਿਚ ਮੇਰੀ ਮਦਦ ਕਰ। ਬੱਚਿਆਂ ਵਰਗਾ ਬਣਨ ਵਿਚ ਮੇਰੀ ਮਦਦ ਕਰ।''

**ਬੱਚਿਆਂ ਨਾਲ ਜੁੜੇ ਸਹਾਇਕ ਸਬਕ**

ਯਿਸੂ ਦੇ ਵਿਜ਼ੁਅਲ ਪ੍ਰਦਰਸ਼ਨ ਵਿਚ ਇਕ ਅਜਿਹਾ ਸੰਕੇਤ ਮਿਲਿਆ, ਜਿਸ ਵਿਚ ਕਈ ਤਰ੍ਹਾਂ ਦੀਆਂ ਸਿੱਖਿਆਵਾਂ ਸਨ, ਜਿਨ੍ਹਾਂ ਦਾ ਸਬੰਧ ਸਿੱਧੇ ਜਾਂ ਅਸਿੱਧੇ ਤੌਰ ਤੇ ਬੱਚਿਆਂ ਨਾਲ ਸੀ (ਮੱਤੀ 18:5–14; ਖ਼ਾਸਕਰ ਆਇਤਾਂ 5, 6, 10 ਅਤੇ 14 ਵੇਖੋ)। ਸੰਕੇਤ ਵਿਚ ਅੱਗੇ, ''ਛੋਟੇ'' ਵਿਚ ਸਿਰਫ਼ ਬੱਚਿਆਂ ਨੂੰ ਹੀ ਸ਼ਾਮਿਲ ਨਹੀਂ ਕੀਤਾ ਗਿਆ, ਬਲਕਿ ਬੱਚਿਆਂ ਵਰਗੇ ਵਿਸ਼ਵਾਸ ਵਾਲੇ ਚੇਲਿਆਂ ਨੂੰ

ਵੀ ਸ਼ਾਮਿਲ ਕੀਤਾ ਗਿਆ[29] (ਖ਼ਾਸ ਜ਼ੋਰ ਸ਼ਾਇਦ ਨਵੇਂ ਬਣੇ ਚੇਲਿਆਂ ਤੇ ਹੁੰਦਾ ਹੈ)। ਬਹੁਤੇ ਸਬਕ ਛੋਟੇ ਬੱਚਿਆਂ ਅਤੇ ਬੱਚਿਆਂ ਵਰਗੇ ਚੇਲਿਆਂ ਲਈ ਇੱਕੋ ਜਿਹੇ ਲਾਗੂ ਹੁੰਦੇ ਹਨ।

*ਛੋਟੇ ਬੱਚਿਆਂ ਨੂੰ ਕਬੂਲ ਕਰਨਾ (ਮੱਤੀ 18:5; ਮਰਕੁਸ 9:37; ਲੂਕਾ 9:48–50)।* ਮਸੀਹ ਨੇ ਆਪਣੇ ਉਪਦੇਸ਼ ਦੇ ਇਸ ਭਾਗ ਨੂੰ ਇਹ ਕਹਿ ਕੇ ਸ਼ੁਰੂ ਕੀਤਾ ਕਿ ''ਛੋਟੇ ਬੱਚਿਆਂ'' ਦਾ ਸੁਆਗਤ ਹੋਣਾ ਚਾਹੀਦਾ ਹੈ: ''ਜੋ ਕੋਈ ਮੇਰੇ ਨਾਮ ਕਰਕੇ ਅਜਿਹਿਆਂ ਬਾਲਕਾਂ ਵਿੱਚੋਂ ਇਕ ਨੂੰ ਕਬੂਲ ਕਰੇ ਸੋ ਮੈਨੂੰ ਕਬੂਲ ਕਰਦਾ ਹੈ ਅਤੇ ਜੋ ਕੋਈ ਮੈਨੂੰ ਕਬੂਲ ਕਰੇ ਸੋ ਮੈਨੂੰ ਨਹੀਂ ਸਗੋਂ ਮੇਰੇ ਭੇਜਣ ਵਾਲੇ ਨੂੰ ਕਬੂਲ ਕਰਦਾ ਹੈ'' (ਮਰਕੁਸ 9:37)।[30] ਛੋਟੇ ਬੱਚਿਆਂ ਨੂੰ ਖ਼ਾਸ ਅਹਿਮੀਅਤ ਦਿੱਤੀ ਗਈ। ਸਭਨਾਂ ਵਿਚ ਭਲਿਆਈ ਜਾਂ ਬੁਰਿਆਈ ਕਰਨ ਦੀ ਤਾਕਤ ਹੁੰਦੀ ਹੈ। ਸਾਨੂੰ ਉਨ੍ਹਾਂ ਨੂੰ ਕਦੀ ਨੁਕਸਾਨਦੇਹ ਨਹੀਂ ਸਮਝਣਾ ਚਾਹੀਦਾ। ਸਾਨੂੰ ਉਨ੍ਹਾਂ ਨੂੰ ਪ੍ਰੇਮ ਕਰਨਾ, ਉਨ੍ਹਾਂ ਦੀ ਦੇਖਭਾਲ ਕਰਨਾ ਅਤੇ ਉਨ੍ਹਾਂ ਦੀ ਹਿਫ਼ਾਜ਼ਤ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਸਾਨੂੰ ਉਨ੍ਹਾਂ ਨੂੰ ਮੌਕੇ ਦੇ ਰੂਪ ਵਿਚ ਵੇਖਣਾ ਚਾਹੀਦਾ ਹੈ। ਸਾਨੂੰ ਚਾਹੀਦਾ ਹੈ ਕਿ ਉਨ੍ਹਾਂ ਨੂੰ ਸਹੀ ਰਸਤਾ ਵਿਖਾਉਣ ਅਤੇ ਸਿਖਾਉਣ ਲਈ ਜੋ ਵੀ ਕਰ ਸਕਦੇ ਹਾਂ, ਕਰੀਏ (ਕਹਾਉਤਾਂ 22:6)।

ਲੋਕਾਂ ਨੂੰ ''ਕਬੂਲ ਕਰਨ'' ਅਤੇ ''ਮੇਰੇ ਨਾਮ ਵਿਚ'' ਵਾਕ ਅੰਸ਼ ਦੀ ਵਰਤੋਂ ਨੇ ਯੂਹੰਨਾ ਨੂੰ ਹਾਲ ਦੀ ਹੀ ਇਕ ਘਟਨਾ ਯਾਦ ਕਰਵਾ ਦਿੱਤੀ, ਜਿਸ ਦੌਰਾਨ ਉਸਨੇ ਕਿਸੇ ਨੂੰ ਕਬੂਲ ਨਹੀਂ ਕੀਤਾ ਸੀ, ਜੋ ਮਸੀਹ ਦੇ ਨਾਮ ਵਿਚ ਕੁਝ ਕਰ ਰਿਹਾ ਸੀ। ਜਿਵੇਂ ਕਿ ਵਿਦਿਆਰਥੀ ਕਈ ਵਾਰ ਕਰਦੇ ਹਨ, ਉਸ ਨੇ ਆਪਣੇ ਗੁਰੂ ਨੂੰ ਵਿੱਚੋਂ ਹੀ ਟੋਕ ਦਿੱਤਾ: ''ਸੁਆਮੀ ਜੀ ਅਸਾਂ ਇਕ ਮਨੁੱਖ ਨੂੰ ਤੇਰੇ ਨਾਮ ਨਾਲ ਭੂਤਾਂ ਨੂੰ ਕੱਢਦੇ ਵੇਖਿਆ ਅਤੇ ਉਹ ਨੂੰ ਵਰਜਿਆ, ਇਸ ਲਈ ਜੋ ਉਹ ਸਾਡੇ ਨਾਲ ਤੇਰੇ ਮਗਰ ਨਹੀਂ ਚੱਲਦਾ'' (ਲੂਕਾ 9:49)।

ਉਹ ''ਇਕ ਮਨੁੱਖ'' ਜਿਸ ਦੀ ਯੂਹੰਨਾ ਨੇ ਗੱਲ ਕੀਤੀ ਕੌਣ ਸੀ? ਬਾਈਬਲ ਇਹ ਨਹੀਂ ਦੱਸਦੀ। ਕਿਉਂਕਿ ਇਹ ''ਇਕ ਮਨੁੱਖ'' ਭੂਤਾਂ ਨੂੰ ਕੱਢ ਰਿਹਾ ਸੀ, ਜ਼ਾਹਿਰ ਹੈ ਉਹ ਢੋਂਗੀ ਨਹੀਂ ਸੀ, ਜਿਵੇਂ ਕਿ ਬਾਅਦ ਵਿਚ ਕੁਝ ਲੋਕਾਂ ਦੇ ਜਾਦੂ ਟੂਣੇ ਦੇ ਨਾਂਅ ਤੇ ਯਿਸੂ ਦੇ ਨਾਂਅ ਦੀ ਵਰਤੋਂ ਕਰਨ ਦੀ ਕੋਸ਼ਿਸ਼ ਕੀਤੀ (ਰਸੂਲਾਂ ਦੇ ਕੰਮ 19:13–16)। ਯਾਦ ਰੱਖੋ ਕਿ ਬਾਰ੍ਹਾਂ ਦੇ ਇਲਾਵਾ ਯਿਸੂ ਦੇ ਹੋਰ ਵੀ ਚੇਲੇ ਸਨ (ਲੂਕਾ 6:13) ਅਤੇ ਇਹ ਕਿ ਪ੍ਰਭੂ ਨੇ ਧਰਤੀ ਤੇ ਆਪਣੀ ਸੇਵਕਾਈ ਦੌਰਾਨ ਸਿਰਫ਼ ਰਸੂਲਾਂ ਨੂੰ ਹੀ ਮੋਅਜਜ਼ੇ ਕਰਨ ਦੀ ਸ਼ਕਤੀ ਨਹੀਂ ਦਿੱਤੀ ਸੀ (ਵੇਖੋ ਲੂਕਾ 10:1, 17)।

ਯੂਹੰਨਾ ਦੇ ਵਾਕ ਵਿਚ ਮੁੱਖ ਸ਼ਬਦ ਇਹ ਲਗਦੇ ਹਨ: ''... ਉਹ *ਸਾਡੇ ਨਾਲ* ਤੇਰੇ ਮਗਰ ਨਹੀਂ ਚੱਲਦਾ।'' ਦੂਜੇ ਸ਼ਬਦਾਂ ਵਿਚ ਉਹ ਉਨ੍ਹਾਂ ਬਾਰ੍ਹਾਂ ਰਸੂਲਾਂ ਵਿੱਚੋਂ ਨਹੀਂ ਸੀ, ਜੋ ਉਸ ਸਮੇਂ ਪ੍ਰਭੂ ਦੇ ਨਾਲ ਜਾ ਰਹੇ ਸਨ। ਯਾਦ ਰੱਖੋ ਕਿ ਇਸ ਚਰਚਾ ਦੇ ਪਿੱਛੇ ਰਸੂਲਾਂ ਦੀ ਦੁਰਭਾਵਨਾ ਸੀ। ਇਨ੍ਹਾਂ ਬਾਰ੍ਹਾਂ ਨੂੰ ਯਿਸੂ ਕਿਸੇ ਹੋਰ ਚੇਲੇ ਨਾਲ ਈਰਖਾ ਹੋਈ ਹੋਵੇਗੀ, ਜਿਸ ਨੂੰ ਰਸੂਲ ਨਾ ਹੋਣ ਦੇ ਬਾਵਜੂਦ ਉਹ ਕਰਨ ਦਾ ਵਿਸ਼ਵਾਸ ਸੀ, ਜਿਸ ਨੂੰ ਕੁਝ ਸਮਾਂ ਪਹਿਲਾਂ ਰਸੂਲ ਨਹੀਂ ਕਰ ਸਕੇ ਸਨ (ਮੱਤੀ 17:16, 19, 20)।

ਯਿਸੂ ਨੇ ਯੂਹੰਨਾ ਨੂੰ ਜਵਾਬ ਦਿੱਤਾ, ''ਉਹਨੂੰ ਨਾ ਵਰਜੋ; ਕਿਉਂਕਿ ਅਜਿਹਾ ਕੋਈ ਨਹੀਂ, ਜੋ ਮੇਰਾ ਨਾਂਅ ਲੈ ਕੇ ਕਰਾਮਾਤ ਕਰੇ ਅਰ ਉਵੇਂ ਮੈਨੂੰ ਬੁਰਾ ਕਹਿ ਸਕੇ'' (ਮਰਕੁਸ 9:39, 40)। ਪ੍ਰਭੂ ਦਾ ਮੁੱਖ ਵਿਚਾਰ ਸਾਫ਼ ਵਿਖਦਾ ਹੈ। ਅਸਲ ਵਿਚ ਉਹ ਕਹਿ ਰਿਹਾ ਸੀ, ''ਸਾਨੂੰ ਜਿੰਨੇ ਵੀ ਦੋਸਤ ਮਿਲ ਸਕਣ ਉਨੇ ਹੀ ਚਾਹੀਦੇ ਹਨ। ਅੱਜ ਐਨੇ ਲੋਕ ਮੇਰੀ ਬੁਰਿਆਈ ਕਰ ਰਹੇ ਹਨ ਕਿ ਇਹਾ ਜਾਣ ਕੇ ਇਕ ਘੱਟੋ ਘੱਟ ਇਕ ਅਦਾਮੀ ਮੇਰੀ ਬੁਰਿਆਈ ਨਹੀਂ ਕਰੇਗਾ, ਚੰਗਾ ਲਗਦਾ ਹੈ।''[31]

ਅਫ਼ਸੋਸ, ਕੁਝ ਲੋਕ ਆਇਤ 40 ਦੇ ''ਜਿਹੜਾ ਸਾਡੇ ਵਿਰੁੱਧ ਨਹੀ ਉਹ ਸਾਡੇ ਵੱਲ ਹੈ'' ਦੀ ਵਰਤੋਂ ਇਹ ਸਿਖਾਉਣ ਲਈ ਕਰਦੇ ਹਨ ਕਿ ਖ਼ੁਦਾ ਕਿਸੇ ਨੂੰ ਵੀ ਜੋ ਉਸ ਦੇ ''ਲਈ'' ਕੰਮ ਕਰਨ ਦਾ ਦਾਅਵਾ ਕਰਦਾ ਹੈ ਅਤੇ ਉਸਦਾ ਨਾਂਅ ਵਿਚ ਭਲੇ ਕੰਮ ਕਰਦਾ ਹੈ, ਕਬੂਲ ਕਰ ਲਵੇਗਾ। ਇਸ ਕਰਕੇ

ਉਹ ਜ਼ੋਰ ਦਿੰਦੇ ਹਨ ਕਿ ਸਾਨੂੰ ਅਜਿਹੇ ਲੋਕਾਂ ਨੂੰ ਕਬੂਲ ਕਰ ਲੈਣਾ ਚਾਹੀਦਾ ਹੈ, ਭਾਵੇਂ ਉਹ ਯਿਸੂ ਦੇ ਹੁਕਮਾਂ ਨੂੰ ਮੰਨਦੇ ਹੋਣ ਜਾਂ ਨਹੀਂ। ਇਹ ਵਿਆਖਿਆ ਮੱਤੀ 7:21–23 ਦਾ ਵਿਰੋਧਾਭਾਸ ਹੋਵੇਗੀ:

> ਨਾ ਹਰੇਕ ਜਿਹੜਾ ਮੈਨੂੰ ਪ੍ਰਭੂ! ਪ੍ਰਭੂ! ਕਹਿੰਦਾ ਹੈ ਸੁਰਗ ਦੇ ਰਾਜ ਵਿਚ ਵੜੇਗਾ ਬਲਕਣ ਉਹੋ ਜੋ ਮੇਰੇ ਸੁਰਗੀ ਪਿਤਾ ਦੀ ਮਰਜ਼ੀ ਉੱਤੇ ਚੱਲਦਾ ਹੈ। ਉਸ ਦਿਨ ਅਨੇਕ ਮੈਨੂੰ ਆਖਣਗੇ, ਹੇ ਪ੍ਰਭੂ! ਹੇ ਪ੍ਰਭੂ! ਕੀ ਅਸਾਂ ਤੇਰਾ ਨਾਮ ਲੈ ਕੇ ਅਗੰਮ ਵਾਕ ਨਹੀਂ ਕੀਤਾ? ਅਤੇ ਤੇਰਾ ਨਾਮ ਲੈ ਕੇ ਭੂਤ ਨਹੀਂ ਕੱਢੇ? *ਅਤੇ ਤੇਰਾ ਨਾਮ ਲੈ ਕੇ ਬਹੁਤੀਆਂ ਕਰਾਮਾਤਾਂ* ਨਹੀਂ ਕੀਤੀਆਂ? ਤਦ ਮੈਂ ਉਨ੍ਹਾਂ ਨੂੰ ਸਾਫ਼ ਆਖਾਂਗਾ ਭਈ ਮੈਂ ਤੁਹਾਨੂੰ ਕਦੇ ਵੀ ਨਹੀਂ ਜਾਣਿਆ। ਹੇ ਬੁਰਿਆਰੋ, ਮੇਰੇ ਕੋਲੋਂ ਚਲੇ ਜਾਓ!

ਮਰਕੁਸ 9:40 ਪ੍ਰਭੂ ਵੱਲੋਂ ਪਹਿਲਾਂ ਐਲਾਨੀ ਇਕ ਸੱਚਾਈ ਦਾ ਪਹਿਲੂ[32] ਹੈ: ''ਜਿਹੜਾ ਮੇਰੇ ਨਾਲ ਨਹੀਂ, ਉਹ ਮੇਰੇ ਵਿਰੁੱਧ ਹੈ ਅਤੇ ਜੋ ਮੇਰੇ ਸੰਗ ਇਕੱਠਾ ਨਹੀਂ ਕਰਦਾ ਸੋ ਖਿੰਡਾਉਂਦਾ ਹੈ'' (ਮੱਤੀ 12:30)। ਦੋਹਾਂ ਆਇਤਾਂ ਨੂੰ ਨਾਲ ਨਾਲ ਰੱਖਣ ਤੇ, ਯਿਸੂ ਦੇ ਉਦਾਸੀਨ ਹੋਣ ਦੀ ਸੰਭਾਵਨਾ ਦਾ ਐਲਾਨ ਹੁੰਦਾ ਹੈ।

ਮਰਕੁਸ 9:41 ਵਿਚ ਯਿਸੂ ਸੁਆਗਤ ਕਬੂਲ ਕਰਨ ਦੇ ਵਿਸ਼ੇ ਤੋਂ ਵਾਪਸ ਆ ਗਿਆ, ਸਿਰਫ਼ ਉਸ ਨੇ ਹੁਣ ਇਸ ਵਿਸ਼ੇ ਨੂੰ ਆਪਣੇ ਚੇਲਿਆਂ ਤੇ ਲਾਗੂ ਕੀਤਾ: ''ਜਿਹੜਾ ਤੁਹਾਨੂੰ ਇਕ ਕਟੋਰਾ ਪਾਣੀ ਦਾ ਪੀਣ ਨੂੰ ਦੇਵੇ ਇਸ ਕਰਕੇ ਜੋ ਤੁਸੀਂ ਮਸੀਹ ਦੇ ਹੋ, ਮੈਂ ਤੁਹਾਨੂੰ ਸੱਚ ਆਖਦਾ ਹਾਂ ਭਈ ਆਪਣਾ ਫ਼ਲ ਪਾਏ ਬਿਨਾਂ ਕਦੀ ਨਾ ਰਹੇਗਾ''(ਮਰਕੁਸ 9:41)। ਇਹ ਵਾਕ ਬੋਲਦੇ ਹੋਏ, ਪ੍ਰਭੂ ਛੁਟਕਾਰੇ ਦੀਆਂ ਸਭੋਂ ਸ਼ਰਤਾਂ ਨੂੰ ਇੱਕੋ ਹੀ ਆਇਤ ਵਿਚ ਆਪਣੇ ਇੱਕੋ ਹੀ ਕਾਰਜ ਵਿਚ ਸਮੇਟ ਨਹੀਂ ਰਿਹਾ ਸੀ। ਜੇ ਉਹ ਇੰਜ ਕਰ ਰਿਹਾ ਸੀ ਤਾਂ, ਸਾਡਾ ਕੰਮ ਸਿਰਫ਼ ਵਿਸ਼ਵਾਸ ਕਰਨਾ ਅਤੇ ਬਪਤਿਸਮਾ ਲੈਣਾ ਹੀ ਹੁੰਦਾ (ਮਰਕੁਸ 16:15, 16; ਗਲਾਤੀਆਂ 3:26, 27); ਅਸੀਂ ਸਿਰਫ਼ ਲੋਕਾਂ ਨੂੰ ਪਾਣੀ ਦਾ ਕਟੋਰਾ ਫੜਾ ਕੇ ਅਤੇ ਉਨ੍ਹਾਂ ਨੂੰ ਉਹ ਪਾਣੀ ਮਸੀਹੀ ਲੋਕਾਂ ਨੂੰ ਦੇਣ ਦੀ ਬੇਨਤੀ ਕਰ ਸਕਦੇ ਹਨ। ਯਿਸੂ ਤਾਂ ਇਹ ਕਹਿ ਰਿਹਾ ਸੀ ਕਿ ਖ਼ੁਦਾ ਤਦ ਖੁਸ਼ ਹੁੰਦਾ ਹੈ, ਜਦ ਲੋਕ ਉਹਦਾ ਨਾਂਅ ਪਹਿਨਣ ਵਾਲਿਆਂ ਦੀ ਹੌਸਲਾ–ਅਫ਼ਜ਼ਾਈ ਕਰਦੇ ਹਨ।

*ਛੋਟਿਆਂ ਨੂੰ ਤਰੋ ਤਾਜ਼ਾ ਕਰਨਾ (ਮੱਤੀ 18:6–10; ਮਰਕੁਸ 9:42–50)*। ਫੇਰ ਮਸੀਹ ''ਛੋਟਿਆਂ'' ਦੇ ਵਿਸ਼ੇ ਤੇ ਆ ਗਿਆ: ''ਪਰ ਜੇ ਕੋਈ ਇਨ੍ਹਾਂ ਛੋਟਿਆਂ ਵਿੱਚੋਂ ਜਿਹੜੇ ਮੇਰੇ ਉੱਤੇ ਨਿਹਚਾ ਕਰਦੇ ਹਨ ਇਕ ਨੂੰ ਠੋਕਰ ਖੁਆਵੇ ਉਹ ਦੇ ਲਈ ਚੰਗਾ ਸੀ ਜੋ ਖਰਾਸ ਦਾ ਪੁੜ ਉਹ ਦੇ ਗਲ ਵਿਚ ਬੰਨ੍ਹਿਆ ਜਾਂਦਾ ਅਤੇ ਉਹ ਸਮੁੰਦਰ ਦੇ ਡੂੰਘਾਣ ਵਿਚ ਡੋਬਿਆ ਜਾਂਦਾ'' (ਮੱਤੀ 18:6; ਵੇਖੋ ਮਰਕੁਸ 9:42)। ਯੂਨਾਨੀ ਸ਼ਬਦ ਦਾ ਅਨੁਵਾਦ ''ਖਰਾਸ ਦਾ ਪੁੜ'' ਚੱਕੀ ਦੇ ਪੱਥਰ ਨੂੰ ਕਿਹਾ ਗਿਆ ਹੈ ਕਿ ਇਸ ਨੂੰ ਇਕ ਖੋਤੇ ਰਾਹੀਂ ਹਿਲਾਇਆ ਜਾਵੇ। ਐਨਾ ਭਾਰ[33] ਗਲ ਵਿਚ ਪਾ ਕੇ ਸਮੁੰਦਰ ਵਿਚ ਸੁੱਟਿਆ ਜਾਣਾ ਇਕ ਦੁਖਾਂਤ ਹੋਣਾ ਸੀ, ਪਰ ''ਛੋਟਿਆਂ'' ਨੂੰ ਠੋਕਰ ਖੁਆਉਣ ਜਿੰਨੀ ਵੱਡੀ ਨਹੀਂ।

ਸਿੱਖਿਆ ਉਹੀ ਹੈ, ਭਾਵੇਂ ਅਸੀਂ ''ਛੋਟਿਆਂ'' ਸ਼ਬਦ ਨੂੰ ਬੱਚਿਆਂ ਤੇ ਲਾਗੂ ਕਰੀਏ, ਨਵੇਂ ਚੇਲਿਆਂ ਤੇ ਜਾਂ ਫਿਰ ਆਮ ਮਸੀਹੀ ਲੋਕਾਂ ਤੇ, ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਕੋਈ ਅਜਿਹਾ ਕੰਮ ਨਾ ਕਰੀਏ ਜਿਸ ਨਾਲ ਦੂਜਿਆਂ ਨੂੰ ਗਲਤੀ ਕਰਨ ਦੀ ਸ਼ਹਿ ਮਿਲੇ (ਵੇਖੋ ਰੋਮੀਆਂ 14:13, 21। ਉਸ ਬੰਦੇ ਉੱਤੇ ''ਹਾਇ'' ਕਿਹਾ ਗਿਆ ਹੈ, ਜਿਹਦੇ ਕਾਰਣ ਠੋਕਰ ਲਗਦੀ ਹੈ (ਮੱਤੀ 18:7)।

ਯਿਸੂ ਦੇ ਸ਼ਬਦ ਆਪਣੇ ਆਪ ਦੀ ਜਾਂਚ ਕਰਨ ਲਈ ਆਖਦੇ ਹਨ: ਕੀ ਸਾਡੇ ਅੰਦਰ ਕੋਈ ਅਜਿਹੀ ਗੱਲ ਹੈ, ਜਿਸ ਨਾਲ ਦੂਜਿਆਂ ਨੂੰ ਨੁਕਸਾਨ ਹੁੰਦਾ ਹੈ? ਜੇ ਹਾਂ, ਤਾਂ ਉਸ ਨੂੰ ਆਪਣੀ ਜ਼ਿੰਦਗੀ ਵਿੱਚੋਂ ਕੱਢ ਦੇਣਾ ਚਾਹੀਦਾ ਹੈ:

> ਜੇ ਤੇਰਾ ਹੱਥ ਤੈਨੂੰ ਠੋਕਰ ਖੁਆਵੇ ਤਾਂ ਉਹ ਨੂੰ ਵੱਢ ਸੁੱਟ। ਟੁੰਡਾ ਹੋ ਕੇ ਜੀਉਣ ਵਿਚ ਵੜਨਾ ਤੇਰੇ ਲਈ ਇਸ ਨਾਲੋਂ ਭਲਾ ਹੈ ਜੋ ਦੋ ਹੱਥ ਹੁੰਦਿਆਂ ਨੂੰ ਨਰਕ ਵਿਚ ਉਸ ਅੱਗ ਵਿਚ ਜਾਵੇਂ ਜਿਹੜੀ ਬੁਝਣ ਵਾਲੀ ਨਹੀਂ। ... ਜੇ ਤੇਰਾ ਪੈਰ ਤੈਨੂੰ ਠੋਕਰ ਖੁਆਵੇ ਤਾਂ ਉਹ ਨੂੰ ਵੱਢ ਸੁੱਟ। ਲੰਙਾਂ ਹੋ ਕੇ ਜੀਉਣ ਵਿਚ ਵੜਨਾ ਤੇਰੇ ਲਈ ਇਸ ਨਾਲੋਂ ਭਲਾ ਹੈ ਜੋ ਦੋ ਪੈਰ ਹੁੰਦਿਆਂ ਤੂੰ ਨਰਕ ਵਿਚ ਸੁੱਟਿਆ ਜਾਵੇਂ। ... ਜੇ ਤੇਰੀ ਅੱਖ ਤੈਨੂੰ ਠੋਕਰ ਖੁਆਵੇ ਤਾਂ ਉਹ ਨੂੰ ਕੱਢ ਸੁੱਟ। ਕਾਣਾ ਹੋ ਕੇ ਪਰਮੇਸ਼ੁਰ ਦੇ ਰਾਜ ਵਿਚ ਵੜਨਾ ਤੇਰੇ ਲਈ ਇਸ ਨਾਲੋਂ ਭਲਾ ਹੈ ਜੋ ਦੋ ਅੱਖਾਂ ਹੁੰਦਿਆਂ ਤੂੰ ਨਰਕ ਵਿਚ ਸੁੱਟਿਆ ਜਾਵੇਂ। ਜਿੱਥੇ ਉਨ੍ਹਾਂ ਦਾ ਕੀੜਾ ਨਹੀਂ ਮਰਦਾ ਅਤੇ ਅੱਗ ਨਹੀਂ ਬੁਝਦੀ[34] (ਮਰਕੁਸ 9:43–48)।

ਯਿਸੂ ਨੇ ਬਿਲਕੁਲ ਉਹੀ ਸ਼ਬਦ ਵਰਤੇ, ਜਿਹੜੇ ਉਸ ਨੇ ਪਹਾੜੀ ਉਪਦੇਸ਼ ਵਿਚ ਪਹਿਲਾਂ ਵਰਤੇ ਸਨ (ਵੇਖੋ ਮੱਤੀ 5:27–30[35])। ਪ੍ਰਭੂ ਦੇਹੀ ਨੂੰ ਅਪਾਹਿਜ ਕਰਨ, ਪਰ ਆਤਮਾ ਨੂੰ ਦਰੁਸਤ ਕਰਨ ਲਈ ਹੱਲਾਸ਼ੇਰੀ ਦੇ ਰਿਹਾ ਸੀ। ਕੋਈ ਵੀ ਗੱਲ ਜਿਹੜੀ ਸਾਡੀ ਜ਼ਿੰਦਗੀ ਵਿਚ ਬੁਰਿਆਈ ਨੂੰ ਵਧਾਉਂਦੀ ਹੈ, ਭਾਵੇਂ ਉਹ ਕਿੰਨੀ ਵੀ ਕੀਮਤੀ ਕਿਉਂ ਨਾ ਹੋਵੇ, ਬੇਰਹਿਮੀ ਨਾਲ ਉਸ ਨੂੰ ਕੱਢ ਦੇਣਾ ਚਾਹੀਦਾ ਹੈ।

ਨਰਕ ਦੀ ਗੱਲ ਕਰਦਿਆਂ ''ਜਿੱਥੇ ਉਨ੍ਹਾਂ ਦਾ ਨਾ ਕੀੜਾ ਮਰਦਾ ਨਾ ਅੱਗ ਬੁਝਦੀ ਹੈ,'' ਯਿਸੂ ਨੇ ਇਹ ਸੁਝਾਅ ਜੋੜੇ, ''ਕਿਉਂਕਿ ਹਰ ਕੋਈ ਅੱਗ ਨਾਲ ਸਲੂਣਾ ਕੀਤਾ ਜਾਵੇਗਾ'' (ਮਰਕੁਸ 9:49।[36] ਉਸ ਨੇ ਪਹਿਲੀਆਂ ਚੀਜ਼ਾਂ ਖ਼ਰਾਬ ਹੋਣ ਤੋਂ ਬਚਾਉਣ ਵਾਲੀ ਚੀਜ਼ ਦੇ ਰੂਪ ਵਿਚ ਲੂਣ ਦੀ ਮਿਸਾਲ ਦੀ ਵਰਤੋਂ ਕੀਤੀ ਸੀ (ਮੱਤੀ 5:13[37])। ਇੱਥੇ ਵੀ ਇਹੀ ਜਵਾਬ ਹੋਵੇਗਾ ਕਿ ਦੁਸ਼ਟ ਲੋਕ ਨਰਕ ਦੀ ਝੀਲ ਵਿਚ ''ਸੰਭਾਲ'' ਕੇ ਰੱਖੇ ਜਾਣਗੇ; ਬੇਸ਼ਕ ਉਹ ਕਦੇ ਨਹੀਂ ਮਰਨਗੇ। ਸੁਰਗ ਵਿਚ ਰੱਖੇ ਜਾਣ ਦਾ ਭਰੋਸਾ ਇਕ ਜਲਾਲੀ ਵਿਚਾਰ ਹੈ; ਨਰਕ ਵਿਚ ਰੱਖੇ ਜਾਣ ਦਾ ਵਿਚਾਰ ਬੇਹੱਦ ਖ਼ੌਫ਼ਨਾਕ ਹੈ।

ਅਗਲੀ ਆਇਤ ਵਿਚ, ਮਸੀਹ ਨੇ ਲੂਣ ਦੇ ਰੂਪਕ ਵਿਚ ਇਕ ਹੋਰ ਮੋੜ ਦਿੱਤਾ: ''ਲੂਣ ਅੱਛਾ ਹੈ ਪਰ ਜੇ ਲੂਣ ਬੇਸੁਆਦ ਹੋ ਜਾਵੇ ਤਾਂ ਤੁਸੀਂ ਉਸ ਨੂੰ ਕਾਸ ਨਾਲ ਸੁਆਦੀ ਕਰੋਗੇ? ਆਪਣੇ ਵਿਚ ਲੂਣ ਰੱਖੋ ਅਤੇ ਇਕ ਦੂਜੇ ਨਾਲ ਮਿਲੇ ਰਹੋ'' (ਮਰਕੁਸ 9:50)। ਪ੍ਰਭੂ ਇਹ ਪ੍ਰਸੰਗਿਕਤਾ ਜੋੜਦਿਆਂ ਕਿ ਜੇ ਉਹ ਆਪੇ ਲੜਦੇ ਰਹਿਣ (ਲੂਕਾ 9:46), ਤਾਂ ਆਪਣਾ ਸੁਆਦ ਗੁਆ ਬੈਠਣਗੇ, ਭਾਵ ਉਹ ''ਧਰਤੀ ਦਾ ਲੂਣ'' ਨਹੀਂ ਬਣ ਸਕਦੇ, ਪਹਾੜੀ ਉਪਦੇਸ਼ (ਮੱਤੀ 5:13) ਦੀ ਆਪਣੀ ਗੱਲ ਦੁਹਰਾ ਰਿਹਾ ਸੀ। ਜਿਵੇਂ ਮੈਨੂੰ ਅਤੇ ਤੁਹਾਨੂੰ ਇਕ ਦੂਜੇ ਨਾਲ ਸੁਲਾਹ ਸਲਾਮਤੀ ਨਾਲ ਰਹਿਣਾ ਸਿੱਖਣ ਦੀ ਲੋੜ ਹੈ, ਉਵੇਂ ਹੀ ਉਨ੍ਹਾਂ ਨੂੰ ਵੀ ''ਆਪੋ ਵਿਚ ਮੇਲ ਮਿਲਾਪ ਨਾਲ'' ਰਹਿਣਾ ਸਿੱਖਣ ਦੀ ਲੋੜ ਸੀ!

*ਛੋਟਿਆਂ ਦਾ ਸੁਆਗਤ ਕਰਨਾ (ਮੱਤੀ 18:10[38])।* ਇਕ ਵਾਰ ਫੇਰ ਯਿਸੂ ''ਛੋਟਿਆਂ'' ਬਾਰੇ ਆਪਣੇ ਵਿਸ਼ੇ ਤੇ ਪਰਤਿਆ: ''ਖ਼ਬਰਦਾਰ! ਤੁਸੀਂ ਇਨ੍ਹਾਂ ਛੋਟਿਆਂ ਵਿੱਚੋਂ ਕਿਸੇ ਨੂੰ ਤੁੱਛ ਨਾ ਜਾਣੋ ਕਿਉਂ ਜੋ ਮੈਂ ਤੁਹਾਨੂੰ ਆਖਦਾ ਹਾਂ ਭਈ ਸੁਰਗ ਵਿਚ ਉਨ੍ਹਾਂ ਦੇ ਦੂਤ ਮੇਰੇ ਪਿਤਾ ਦਾ ਜਿਹੜਾ ਸੁਰਗ ਵਿਚ ਹੈ ਸਦਾ ਮੂੰਹ ਵੇਖਦੇ ਹਨ'' (ਮੱਤੀ 18:10)। ਯੂਨਾਨੀ ਸ਼ਬਦ ਦਾ ਅਨੁਵਾਦ ''ਤੁੱਛ'' ''ਨੀਵਾਂ'' ਅਤੇ ''ਮਨ'' ਲਈ ਸ਼ਬਦ ਦਾ ਮੇਲ ਹੈ। ਸਾਨੂੰ ਬੱਚਿਆਂ ... ਜਾਂ ਨਵੇਂ ਚੇਲਿਆਂ ... ਜਾਂ ਖ਼ੁਦਾ ਦੇ ਕਿਸੇ ਹੋਰ ਬਾਲਕ ਨੂੰ ਛੋਟਾ ਨਹੀਂ ਸਮਝਣਾ ਚਾਹੀਦਾ। ਖ਼ੁਦਾ ਦੀ ਨਜ਼ਰ ਵਿਚ ਹਰ ਕੋਈ ਮੁੱਲਵਾਨ ਹੈ।

ਆਇਤ 10 ਦਾ ਆਖ਼ਰੀ ਭਾਗ ਦਿਲਕਸ਼ ਅਤੇ ਲਲਚਾਉਣ ਵਾਲਾ ਹੈ: ''ਸੁਰਗ ਵਿਚ ਉਨ੍ਹਾਂ ਦੇ ਦੂਤ ਮੇਰੇ ਸੁਰਗੀ ਪਿਤਾ ਦਾ ਮੂੰਹ ਸਦਾ ਵੇਖਦੇ ਹਨ।'' ਇਹ ਕੁਝ ਸ਼ਬਦ ਹਨ, ਜਿਨ੍ਹਾਂ ਨਾਲ ਲੋਕਾਂ ਵਿਚ ਇਹ ਧਾਰਨਾ ਬਣੀ ਹੈ ਕਿ ਇਹ ''ਸਰਪ੍ਰਸਤ ਫ਼ਰਿਸ਼ਤਿਆਂ'' ਬਾਰੇ ਲਿਖਿਆ ਗਿਆ ਹੈ। ਬਾਈਬਲ ਦੱਸਦੀ ਹੈ ਕਿ ''ਸੁਰਗਦੂਤ ਸੇਵਾ ਟਹਿਲ ਵਾਲੀਆਂ ਆਤਮਾਵਾਂ ਹਨ; ਜਿਹੜੀਆਂ ਛੁਟਕਾਰਾ ਪਾਉਣ ਵਾਲਿਆਂ ਦੀ ਸੇਵਾ ਖ਼ਾਤਰ ਭੇਜੀਆਂ ਜਾਂਦੀਆਂ ਹਨ'' (ਇਬਰਾਨੀਆਂ 1:14)। ਇਸ ਦੇ ਇਲਾਵਾ ਮੈਕਗਰਵੇ ਦੀ ਮੰਨੀਏ ਤਾਂ ਇਹ ਆਇਤ ਸੁਝਾਅ ਦਿੰਦੀ ਹੈ ਕਿ ''ਸੁਰਗਦੂਤ ਦਾ ਸੇਵਾ ਕਰਨਾ ਸਿਰਫ਼

ਆਮ ਨਹੀਂ ਬਲਕਿ ਖ਼ਾਸ ਹੈ, ਭਾਵ ਖਾਸ ਲੋਕਾਂ ਦੀ ਦੇਖਰੇਖ ਲਈ ਖਾਸ ਫ਼ਰਸ਼ਿਤਿਆਂ ਨੂੰ ਲਾਇਆ ਜਾਂਦਾ ਹੈ।''[39] ਇਨ੍ਹਾਂ ਆਮ ਸਚਿਆਈਆਂ ਤੋਂ ਅੱਗੇ ਕੋਈ ਵੀ ਵਿਚਾਰ ਕੋਰਾ ਤੁੱਕਾ ਹੀ ਹੈ।

ਇਹ ਤੱਥ ਕਿ ਕਦੀ ਕਦੀ ਤਕੜੇ ਢੰਗ ਨਾਲ, ਹਰ ਦਿਨ ਮਰਨ ਵਾਲੇ ਬੱਚਿਆਂ ਦੀ ਮੌਤ ਨਾਲ ਇਹ ਯਕੀਨ ਹੋਣਾ ਕਾਫ਼ੀ ਹੈ ਕਿ ''ਸਰਪ੍ਰਸਤ ਫ਼ਰਿਸ਼ਤਿਆਂ'' ਨੂੰ ਖ਼ੁਦਾ ਦੇ ਕੁਦਰਤੀ ਨਿਯਮਾਂ ਦਾ ਉਲੰਘਣਾ ਕਰਨ ਦੀ ਇਜਾਜ਼ਤ ਨਹੀਂ ਹੈ। ਅਸਲ ਵਿਚ ਖ਼ੁਦਾ ਦੇ ਵਚਨ ਦਾ ਆਮ ਪਾਠ ਇਹ ਸੁਝਾਅ ਪੇਸ਼ ਕਰਦਾ ਹੈ ਕਿ ਉਨ੍ਹਾਂ ਦੀ ਮੁੱਖ ਦਿਲਚਸਪੀ ਸਰੀਰਕ ਤੰਦਰੁਸਤ ਨਾ ਹੋ ਕੇ, ਰੂਹਾਨੀ ਭਲਿਆਈ ਹੈ। ਇਸ ਗੱਲ ਦੇ ਸਬੂਤ ਵਜੋਂ ਕਿ ਖ਼ੁਦਾ ਆਪਣੇ ਲੋਕਾਂ ਦੀ ਦੇਖਭਾਲ ਕਰਦਾ ਹੈ, ਮੱਤੀ 18:11 ਤੇ ਵਿਚਾਰ ਕਰਕੇ *[ਨਵੇਂ ਅਨੁਵਾਦ ਵਿਚ ਇਹ ਗਿਣਤੀ ਬਾਕੀ ਅੰਗ੍ਰੇਜ਼ੀ ਅੰਕਾਂ ਵਾਂਗ 11 ਹੈ– ਅਨੁਵਾਦਕ]* ਅਤੇ ਉੱਥੇ ਖ਼ਤਮ ਕਰ ਕੇ ਅਸੀਂ ਠੀਕ ਕਰਾਂਗੇ (1 ਪਤਰਸ 5:7; ਵੇਖੋ ਹਿਜ਼ਕੀਏਲ 34:12)।

*ਛੋਟਿਆਂ ਨੂੰ ਬਹਾਲ ਕਰਨਾ (ਮੱਤੀ 18:12–14)।* ਪ੍ਰਭੂ ਨੇ ''ਛੋਟਿਆਂ'' ਸਬੰਧੀ ਆਪਣੀ ਸਿੱਖਿਆ ਵਿਚ ਉਦਾਹਰਣ ਪੇਸ਼ ਕਰ ਕੇ ਖ਼ਤਮ ਕੀਤੀ ਜਿਸ ਤੋਂ ਸਾਡੇ ਵਿੱਚੋਂ ਬਹੁਤੇ ਲੋਕ ਵਾਕਫ਼ ਹਨ:

> ਤੁਸੀਂ ਕੀ ਸਮਝਦੇ ਹੋ? ਜੇ ਕਿਸੇ ਮਨੁੱਖ ਦੀਆਂ ਸੌ ਭੇਡਾਂ ਹੋਣ ਅਤੇ ਉਨ੍ਹਾਂ ਵਿੱਚੋਂ ਇਕ ਗੁਆਚ ਜਾਵੇ ਤਾਂ ਭਲਾ, ਉਹ ਉਨ੍ਹਾਂ ਨੜਿੱਨਵਿਆਂ ਨੂੰ ਪਹਾੜਾਂ ਉੱਤੇ ਛੱਡ ਕੇ ਉਸ ਗੁਆਚੀ ਹੋਈ ਨੂੰ ਨਾ ਭਾਲਦਾ ਫਿਰੇਗਾ? ਮੈਂ ਤੁਹਾਨੂੰ ਸਤ ਆਖਦਾ ਹਾਂ ਭਈ ਜੇ ਐਉਂ ਹੋਵੇ ਜੋ ਉਹ ਨੂੰ ਲੱਭੇ ਤਾਂ ਉਹ ਉਸ ਦੇ ਕਾਰਣ ਉਨ੍ਹਾਂ ਨੜ੍ਹਿਨਵਿਆਂ ਨਾਲੋਂ ਜਿਹੜੀਆਂ ਗੁਆਚ ਨਾ ਗਈਆਂ ਸਨ ਬਹੁਤ ਅਨੰਦ ਹੋਵੇਗਾ। ਇਸੇ ਤਰ੍ਹਾਂ ਤੁਹਾਡੇ ਪਿਤਾ ਦੀ ਜਿਹੜਾ ਸੁਰਗ ਵਿਚ ਹੈ ਮਰਜ਼ੀ ਨਹੀਂ ਜੋ ਇਨ੍ਹਾਂ ਛੋਟਿਆਂ ਵਿੱਚੋਂ ਇਕ ਦਾ ਭੀ ਨਾਸ ਹੋ ਜਾਵੇ (ਮੱਤੀ 18:12–14)।

ਬਾਅਦ ਵਿਚ ਯਿਸੂ ਨੇ ਬਾਈਬਲ ਦੇ ਸਭ ਤੋਂ ਯਾਦਗਾਰੀ ਅਧਿਆਇਆਂ ਵਿੱਚੋਂ ਇਕ ਲੂਕਾ 15 ਦੱਸਣ ਲਈ ਇਕ ਗੁਆਚੇ ਸਿੱਕੇ ਅਤੇ ਗੁਆਚੇ ਮੁੰਡੇ ਦੇ ਰੂਪਕਾਂ ਨਾਲ ਗੁਆਚੀ ਭੇਡ ਦਾ ਰੂਪਕ ਜੋੜ ਦਿੱਤਾ। ਇੱਥੇ ਵੀ ਉਸ ਦੀ ਉਹੀ ਗੱਲ ਹੈ ਕਿ ਖ਼ੁਦਾ ''ਨਹੀਂ ਚਾਹੁੰਦਾ, ਕਿ ਭਈ ਕਿਸੇ ਦਾ ਨਾਸ ਹੋਵੇ ਸਗੋਂ ਸੱਭੋ ਤੌਬਾ ਵੱਲ ਮੁੜਨ'' (2 ਪਤਰਸ 3:9; KJV)।

ਫੇਰ ਇਹ ਪ੍ਰਾਸੰਗਿਕਤਾ ਕਈ ''ਛੋਟੇ ਬੱਚਿਆਂ'' ਲਈ ਬਣਾਈ ਜਾ ਸਕਦੀ ਹੈ। ਛੋਟੇ ਬੱਚੇ ਵੱਡੇ ਹੋ ਜਾਂਦੇ ਹਨ ਅਤੇ ਪਾਪ ਦੇ ਪਹਾੜ ਤੇ ਭਟਕ ਜਾਂਦੇ ਹਨ (ਰੋਮੀਆਂ 3:23); ਸਾਨੂੰ ਚਾਹੀਦਾ ਹੈ ਕਿ ਉਨ੍ਹਾਂ ਨੂੰ ਪ੍ਰਭੂ ਕੋਲ ਵਾਪਸ ਲਿਆਈਏ। ਚੇਲਾ ਪੁਰਾਣਾ ਹੋਵੇ ਜਾਂ ਨਵਾਂ, ਦੋਵੇਂ ਨਿਹਚਾ ਤੋਂ ''ਫਿਰ'' ਸਕਦੇ ਹਨ (ਇਬਰਾਨੀਆਂ 2:1); ਸਾਨੂੰ ''ਹਲੀਮੀ ਨਾਲ ਇਹੋ ਜਿਹਿਆਂ ਨੂੰ ਸੰਭਾਲਣਾ'' ਚਾਹੀਦਾ ਹੈ (ਗਲਾਤੀਆਂ 6:1; ਵੇਖੋ ਯਾਕੂਬ 5:19, 20)।

## ਸਾਰ

ਯਿਸੂ ਦਾ ਉਪਦੇਸ਼ ਮੁੱਕਿਆ ਨਹੀਂ ਸੀ। ਜਿਵੇਂ ਅਸੀਂ ਵੇਖਾਂਗੇ ਕਿ ਉਹ ਭਾਈਆਂ ਵਿਚ ਆਪਸੀ ਸਬੰਧਾਂ ਬਾਰੇ ਬੜਾ ਸਪੱਸ਼ਟ ਸੀ (ਮੱਤੀ 18:15–35)। ਭਾਈਆਂ ਵਿਚਕਾਰ ਇਸ ਮਹੱਤਵਪੂਰਣ ਰਿਸ਼ਤੇ ਤੇ ਸਾਡੀ ਚਰਚਾ ਅਗਲੇ ਪਾਠ ਵਿਚ ਵੀ ਜਾਰੀ ਰਹੇਗੀ।

ਅੰਤ ਵਿਚ,[40] ਮੈਂ ਮੱਤੀ 18:3, 4 ਵਿਚ ਪ੍ਰਭੂ ਦੀ ਗੱਲ ਤੇ ਵਾਪਸ ਆਉਂਦਾ ਹਾਂ, ''ਮੈਂ ਤੁਹਾਨੂੰ ਸਤ ਆਖਦਾ ਹਾਂ ਭਈ ਜੇ ਤੁਸੀਂ ਨਾ ਮੁੜੋ ਅਤੇ ਛੋਟਿਆਂ ਬਾਲਕਾਂ ਵਾਂਙੁ ਨਾ ਬਣੋ ਤਾਂ ਸੁਰਗ ਦੇ ਰਾਜ ਵਿਚ ਕਦੀ ਨਾ ਵੜੋਗੇ। ਉਪਰੰਤ ਜੋ ਕੋਈ ਆਪਣੇ ਆਪ ਨੂੰ ਇਸ ਬਾਲਕ ਵਾਂਙੁ ਛੋਟਾ ਜਾਣੇ ਸੋਈ ਸੁਰਗ ਦੇ ਰਾਜ ਵਿਚ ਸਭਨਾਂ ਨਾਲੋਂ ਵੱਡਾ ਹੈ।'' ਸਾਡੇ ਅਧਿਐਨ ਤੋਂ ਇਹ ਪਤਾ ਲਗਦਾ ਹੈ ਕਿ ਰਾਜ ਵਿਚ ਜਦੋਂ ਤਕ ਕੋਈ ਆਪਣੇ ਆਪ ਨੂੰ ਬੱਚੇ ਵਾਂਗੂ ਹਲੀਮ ਜਾਂ ਛੋਟਾ ਨਹੀਂ ਬਣਾਉਂਦਾ, ਤਦ ਤਕ ਉਹ ਵੱਡਾ ਨਹੀ

ਬਣ ਸਕਦਾ। ਹੁਣ ਮੈਂ ਇਹ ਧਿਆਨ ਦੁਆਉਣਾ ਚਾਹਾਂਗਾ ਕਿ ਮਸੀਹ ਨੇ ਕਿਹਾ ਕਿ ਬਗੈਰ ਅਜਿਹੀ ਹਲੀਮੀ ਦੇ ਕੋਈ ਉਸ ਦੇ ਰਾਜ ਵਿਚ ਨਹੀਂ ਵੜ ਸਕਦਾ।

ਕਈ ਲੋਕ ਐਨੇ ਘੁਮੰਡੀ ਹਨ ਕਿ ਉਹ ਇਹ ਮੰਨਣ ਨੂੰ ਤਿਆਰ ਨਹੀਂ ਹਨ ਕਿ ਉਹ ਪਾਪ ਵਿਚ ਗੁਆਚੇ ਹੋਏ ਹਨ; ਕਈ ਐਨੇ ਘੁਮੰਡੀ ਹਨ ਕਿ ਉਹ ਆਪਣੀ ਜ਼ਿੰਦਗੀ ਵਿਚ ਯਿਸੂ ਦੀ ਲੋੜ ਨੂੰ ਮੰਨਣ ਤੋਂ ਇਨਕਾਰ ਕਰਦੇ ਹਨ ਕਈ ਐਨੇ ਘੁਮੰਡੀ ਹਨ ਕਿ ਉਹ ਬਪਤਿਸਮਾ ਲੈ ਕੇ ਉਸ ਦੀ ਇੱਛਾ ਨੂੰ ਮੰਨਣ ਨੂੰ ਤਿਆਰ ਨਹੀਂ ਹਨ। ਅਜਿਹਾ ਘੁਮੰਡ ਉਨ੍ਹਾਂ ਦੀਆਂ ਆਤਮਾਵਾਂ ਦੇ ਨਾਸ ਦਾ ਕਾਰਣ ਹੋਵੇਗਾ! ਮੇਰੀ ਦੁਆ ਹੈ ਕਿ ਤਬਾਹਕੁੰਨ ਆਕੜ ਤੁਹਾਡੀਆਂ ਜ਼ਿੰਦਗੀ ਤੇ ਰਾਜ ਨਾ ਕਰੇ।[41] ਜੇ ਤੁਸੀਂ ਪ੍ਰਭੂ ਦੀ ਇੱਛਾ ਨੂੰ ਪੂਰਾ ਨਹੀਂ ਕੀਤਾ ਹੈ, ਤਾਂ ਆਪਣੀ ਆਕੜ ਨੂੰ ਸੁੱਟ ਦਿਓ ਅਤੇ ਅੱਜ ਹੀ ਉਸਦੀ ਇੱਛਾ ਪੂਰੀ ਕਰੋ!

## ਨੋਟਸ

ਇਸ ਪਾਠ ਦੇ ਕਈ ਹਿੱਸਿਆਂ ਵਿਚ ਸਬਕ ਬਣਾਏ ਜਾ ਸਕਦੇ ਹਨ। ਭੂਤ ਚੰਬੜੇ ਮੁੰਡੇ ਨੂੰ ਚੰਗਾ ਕਰਨ ਤੇ ਸਬਕ ਇਸ ਪਾਠ ਦੇ ਬਾਅਦ ਹੈ। ਇਸ ਕਹਾਣੀ ਨੂੰ ਸਮਝਾਉਣ ਦਾ ਇਕ ਹੋਰ ਢੰਗ ਇਹ ਸਮਝਾਉਂਦੇ ਹੋਏ ਕਿ ਕਦੀ ਕਦੀ ਸਾਨੂੰ ''ਟੀਸੀ'' ਦੇ ਤਜਰਬਿਆਂ ਦੇ ਲੋੜ ਹੁੰਦੀ ਹੈ, ''ਪਹਾੜ ਦੀ ਟੀਸੀ ਤੋਂ ਘਾਟੀ ਤਕ'' ਹੋ ਸਕਦਾ ਹੈ, ਪਰ ਜ਼ਿੰਦਗੀ ਘਾਟੀਆਂ ਵਿਚ ਕੱਟੀ ਜਾ ਸਕਦੀ ਹੈ। ਇਸ ਕਹਾਣੀ ਦਾ ਇਕ ਹੋਰ ਢੰਗ ਪ੍ਰਭੂ ਦੇ ਆਪਣੇ ਪੱਖ ਦੇ ਵਧੇਰੇ ਜ਼ੋਰ ਦੇਣ ਅਤੇ ਹਾਲਾਤ ਨੂੰ ਸਾਨੂੰ ਪਰੇਸ਼ਾਨ ਕਰਨ ਦੀ ਸਾਡੀ ਪ੍ਰਵਿਰਤੀ ਲਈ ਪ੍ਰਸੰਗਿਕਤਾ ਨਾਲ ''ਉਹ ਦਿਨ ਜਦ ਯਿਸੂ ਘਬਰਾਇਆ ਸੀ'' ਹੋ ਸਕਦਾ ਹੈ।

ਮੱਛੀ ਦੇ ਮੂੰਹ ਵਿੱਚੋਂ ਸਿੱਕੇ ਦਾ ਮੋਅਜਜ਼ਾ ਦੇਖਭਾਲ ਤੇ ਸੰਦੇਸ਼ ਦਾ ਅਧਾਰ ਹੋ ਸਕਦਾ ਹੈ ਕਿ ਅਸੀਂ ਪ੍ਰਭੂ ਨਾਲ ਕੰਮ ਤੇ ਉਲਟ ਰੌਸ਼ਨੀ ਨਾ ਪਾਈਏ। ''ਛੋਟੇ ਬੱਚਿਆਂ'' ਤੇ ਯਿਸੂ ਦੀਆਂ ਸਿੱਖਿਆਵਾਂ ਤੋਂ ਕਈ ਮਕਸਦ ਪੂਰੇ ਹੋ ਸਕਦੇ ਹਨ, ਜਿਸ ਵਿਚ ਬੱਚਿਆਂ ਪ੍ਰਤੀ ਸਾਡੀ ਜ਼ਿੰਮੇਵਾਰੀ, ਨਵੇਂ ਚੇਲਿਆਂ ਪ੍ਰਤੀ ਸਾਡੀ ਜ਼ਿੰਮੇਵਾਰੀ ਆਦਿ ਸਿੱਖਿਆ ਸ਼ਾਮਿਲ ਹੈ। ਛੋਟੇ ਬੱਚਿਆਂ ਵਰਗੇ ਬਣਨ ਦੀ ਮਸੀਹ ਦੀ ਚੁਣੌਤੀ ਨਾਲ ਬੱਚਿਆਂ ਵਰਗੇ ਬਣਨ ਤੇ ਸਾਨੂੰ ਕਈ ਸਬਕ ਤਿਆਰ ਕਰਨ ਦੀ ਪ੍ਰੇਰਣਾ ਮਿਲੀ ਹੈ। ਆਮ ਤੌਰ ਤੇ ਮਨ ਬਦਲਣ ਤੇ ਸਿੱਖਿਆ ਦੇਣ ਲਈ ਕਈ ਲੋਕਾਂ ਨੇ ''ਜੇ ਤੁਸੀਂ ਨਾ ਮੁੜੋ'' ਵਾਕ ਅੰਸ਼ (''ਮਨ ਬਦਲੀ'' ਸ਼ਬਦ ਤੋਂ ਭਾਵ ਮਨ ਬਦਲੀ ਵਿਚਲੇ ਵੱਖ ਵੱਖ ਘਟਕਾਂ) ਦੀ ਵੀ ਵਰਤੋਂ ਕੀਤੀ ਹੈ।

ਆਖ਼ਰੀ ਟਿੱਪਣੀ ਇਹ ਹੈ ਕਿ ਮੱਤੀ 18:15–35 ਜੇ ਪਾਠ ਤੋਂ ਵੱਧ ਇਸ ਪਾਠ ਨਾਲ ਸੁਭਾਵਿਕ ਤੌਰ ਤੇ ਮੇਲ ਖਾਂਦਾ ਹੈ। ਮੈਂ ਅਗਲੇ ਦੋ ਪਾਠਾਂ ਨੂੰ ਹੋਰ ਇਕਸਾਰ ਬਣਾਉਣ ਲਈ ਇਸ ਪਾਠ ਦੀ ਆਇਤ 14 ਨਾਲ ਖ਼ਤਮ ਕਰਦਾ ਹਾਂ। ਪਰ ਤੁਸੀਂ ਯਿਸੂ ਦੀ ਮਹਾਨ ਗਲੀਲੀ ਸੇਵਕਾਈ ਦੇ ਦੌਰਾਨ ਦਿੱਤੇ ਗਏ ਅੰਤਿਮ ਉਪਦੇਸ਼ਾਂ ਨੂੰ ਸਮੇਟਣ ਲਈ ਇਸ ਪਾਠ ਦੇ ਨਾਲ 15 ਤੋਂ 35 ਆਇਤਾਂ ਨੂੰ ਸ਼ਾਮਲ ਕਰ ਸਕਦੇ ਹੋ। ਜੇ ਤੁਸੀਂ ਅਜਿਹਾ ਕਰਦੇ ਹੋ ਤਾਂ ਤੁਸੀਂ ''ਸ਼ਗਿਰਦੀ ਦਾ (ਪੰਜਵਾਂ) ਨਿਸ਼ਾਨ'' ਜੋੜ ਸਕਦੇ ਹੋ। ''ਆਪਣੇ ਜਜ਼ਬਾਤਾਂ ਨਾਲ ਨਹੀਂ, ਪ੍ਰਭੂ ਦੀਆਂ ਹਦਾਇਤਾਂ ਨਾਲ ਚੱਲੋ।''

---

ਟਿੱਪਣੀਆਂ

[1]ਦ ਲਿਵਿੰਗ ਬਾਈਬਲ ਦਾ ਅਨੁਵਾਦ। [2]ਯਿਸੂ ਦੇ ਅਲੋਚਕਾਂ ਦੇ ਕੰਮਾਂ ਅਤੇ ਵਿਹਾਰਾਂ ਬਾਰੇ ਪਤਾ ਚੱਲਦਾ ਹੈ। [3]ਵੇਖੋ 2 ਤਿਮੋਥਿਉਸ 2:13. [4]ਕਹਾਣੀ ਬਾਰੇ ਵਧੇਰੇ ਜਾਣਕਾਰੀ ਲਈ, ਅਗਲਾ ਸਰਮਨ ਵੇਖੋ। [5]ਮਰਕੁਸ ਦੇ ਵਿਰਤਾਂਤ ਵਿਚ ਜੋੜਿਆ ਗਿਆ ਹੈ, ''ਇਸ ਪ੍ਰਕਾਰ ਦੀ ਪ੍ਰਾਰਥਨਾ ਬਿਨਾ ਕਿਸੇ ਹੋਰ ਤਰ੍ਹਾਂ ਨਹੀਂ ਨਿੱਕਲ ਸਕਦੀ'' (ਮਰਕੁਸ 9:29)। ਪ੍ਰਾਰਥਨਾ ਅਤੇ ਵਿਸ਼ਵਾਸ ਵਿਚ ਸਬੰਧ ਤੇ ਚਰਚਾ ਲਈ ਅਗਲਾ ਪਾਠ ਵੇਖੋ। [6]ਇਸ ਕਿਤਾਬ ਵਿਚ ਅੱਗੇ ''ਮੇਰੀ ਬੇਪਰਤੀਤੀ ਦਾ ਉਪਾਅ ਕਰ'' ਪਾਠ ਵਿਚ ਚੰਗਿਆਈ ਦੀ ਇਸ ਘਟਨਾ

ਦੀ ਚਰਚਾ ਵੇਖੋ। [7]ਸੰਖੇਪ ਵਿਚ ਇਹ ਸਪੱਸ਼ਟ ਨਹੀਂ ਹੈ ਕਿ ਗਲੀਲ ਵਿਚ ਕਦੋਂ ਪਰਤੇ। ਵਧੇਰੇ ਟੀਕਾਕਾਰਾਂ ਦਾ ਮੰਨਣਾ ਹੈ ਕਿ ਰੂਪ ਬਦਲਣ ਅਤੇ ਭੂਤ ਚੰਬੜੇ ਮੁੰਡੇ ਦੀ ਚੰਗਿਆਈ ਕੈਸਰੀਆ ਫਿਲਿੱਪੀ ਦੇ ਨੇੜੇ ਹੀ ਵਾਪਰੀ ਅਤੇ ਇਨ੍ਹਾਂ ਘਟਨਾਵਾਂ ਦੇ *ਬਾਅਦ*, ਯਿਸੂ ਗਲੀਲ ਨੂੰ ਚਲਿਆ ਗਿਆ। ਕਈਆਂ ਦਾ ਮੰਨਣਾ ਹੈ ਕਿ ਯਿਸੂ ਅਤੇ ਬਾਰਾਂ ਚੇਲੇ ਰੂਪ ਬਦਲਣ ਅਤੇ ਚੰਗਿਆਈ ਦੀ ਘਟਨਾ ਤੋਂ ਪਹਿਲਾਂ ਹੀ ਗਲੀਲ ਵਿਚ ਚਲੇ ਗਏ ਸਨ। ਕੁਝ ਟੀਕਾਕਾਰਾਂ ਦਾ ਮੰਨਣਾ ਹੈ ਕਿ ਗਲੀਲ ਦਾ ਦੌਰਾ ਰੂਪ ਬਦਲਣ ਅਤੇ ਚੰਗਿਆਈ ਦੇ *ਦਰਮਿਆਨ* ਹੋਇਆ। [8]ਮਰਕੁਸ ਦੇ ਵਿਰਤਾਂਤ ਵਿਚ ''ਤਿੰਨ ਦਿਨਾਂ *ਪਿੱਛੋਂ*'' ਹੈ, ਜਦ ਕਿ ਮੱਤੀ ਦੀ ਇੰਜੀਲ ਵਿਚ ''*ਤੀਜੇ* ਦਿਨ'' ਹੈ। ਸਾਡੇ ਵਿੱਚੋਂ ਕਈਆਂ ਲਈ ਦੋਹਾਂ ਸ਼ਬਦਾਂ ਦਾ ਵੱਖੋ ਵੱਖ ਅਰਥ ਹੈ – ਪਰ ਯਹੂਦੀਆਂ ਨੂੰ ਅਜਿਹੀ ਕੋਈ ਮੁਸ਼ਕਿਲ ਨਹੀਂ ਸੀ। ਯਿਸੂ ਦੇ ਕਬਰ ਵਿਚ ਤਿੰਨ ਦਿਨ ਹੋਣ ਜਾਂ ਨਾ ਹੋਣ ਦੇ ਅਧਿਐਨ ਵੇਲੇ ਅਸੀਂ ਇਸ ਨੂੰ ਧਿਆਨ ਵਿਚ ਰੱਖਾਂਗੇ। [9]ਯਿਸੂ ਦੀ ਮੌਤ ਦੇ ਇਸ ਐਲਾਨ ਦੇ ਥੋੜ੍ਹੀ ਬਾਅਦ, ਚੇਲੇ ਇਹ ਬਹਿਸ ਕਰਨ ਲੱਗ ਪਏ ਕਿ ਰਾਜ ਵਿਚ ਸਭ ਤੋਂ ਵੱਡਾ ਕੌਣ ਹੋਵੇਗਾ (ਵੇਖੋ ਲੂਕਾ 9:45, 46)। ਉਨ੍ਹਾਂ ਦੇ ਮਨਾਂ ਵਿਚ ਅਜੇ ਵੀ ਇਕ ਜਿਸਮਾਨੀ, ਦੁਨਿਆਵੀ, ਸਿਆਸੀ ਰਾਜ ਹੀ ਸੀ। ਰਸੂਲਾਂ ਵਾਲੀਆਂ ਹੀ ਧਾਰਨਾਵਾਂ ਰੱਖਣ ਵਾਲੇ ਦੂਜੇ ਯਹੂਦੀ ਆਪਣੇ ਮੌਤ ਤੇ ਯਿਸੂ ਦੀ ਸਿੱਖਿਆ ਨਾਲ ਕਿਵੇਂ ਉਲਝਣ ਵਿਚ ਪਏ, ਇਸ ਦੀ ਇਕ ਮਿਸਾਲ ਲਈ, ਵੇਖੋ ਯੂਹੰਨਾ 12:33, 34. [10]ਜੇਮਸ ਬਰਟਨ ਕਾਫ਼ਮੈਨ, *ਕਮੈਂਟਰੀ ਆਨ ਲੂਕ* (ਆਸਟਿਨ, ਟੈਕਸਸ: ਫ਼ਰਮ ਫਾਊਂਡੇਸ਼ਨ ਪਬਲਿਸ਼ਿੰਗ ਹਾਊਸ, 1975), 187.

[11]ਸਿਰਫ਼ ਮੱਤੀ ਨੇ ਹੀ, ਜੋ ਪਹਿਲਾਂ ਮਹਿਸੂਲ ਲੈਣ ਵਾਲਾ ਹੁੰਦਾ ਸੀ, ਹੈਕਲ ਦੇ ਕਰ ਜਾਂ ਮਹਿਸੂਲ ਦੀ ਗੱਲ ਲਿਖੀ। [12]'' ਦੋ ਦ੍ਰਾਖਮਾ'' ਯੂਨਾਨੀ ਵਿਚ ਇੱਕੋ ਸ਼ਬਦ ਤੋਂ ਲਿਆ ਗਿਆ ਹੈ। [13]ਨਵੇਂ ਨੇਮ ਦੇ ਇਕ ਦ੍ਰਾਖਮਾ ਦੇ ਸਿੱਕੇ ਦਾ ਜ਼ਿਕਰ ਲੂਕਾ 15:8, 9 ਵਿਚ ਹੀ ਮਿਲਦਾ ਹੈ ਅਤੇ ਮੱਤੀ 17 ਵਾਲੇ ਸ਼ਬਦ ਤੋਂ ਭਾਵ ਦੋ ਦ੍ਰਾਖਮਾ ਵਾਲਾ ਸਿੱਕਾ ਹੈ। [14]ਜਿੱਥੇ ਮੈਂ ਰਹਿੰਦਾ ਹਾਂ, ਉੱਥੇ ਅਸੀਂ ਕਹਾਂਗੇ, ''ਘੱਟੋ ਘੱਟ ਮਜ਼ਦੂਰੀ।'' [15]ਵੇਖੋ NKJV ਅਤੇ NIV. [16]ਪਤਰਸ ਅਧਿਕਾਰੀਆਂ ਨਾਲ ਗੱਲਾਂ ਕਰਨ ਪਿੱਛੋਂ ''ਘਰ ਵਿਚ ਆਇਆ'' (ਮੱਤੀ 17:25) ਸੋ ਉਹ ਜ਼ਰੂਰ ਗੱਲਬਾਤ ਵੇਲੇ ਘਰੋਂ ਬਾਹਰ ਗਿਆ ਹੋਵੇਗਾ। [17]ਜ਼ਰੂਰੀ ਨਹੀਂ ਕਿ ਯਿਸੂ ਇਹ ਕਹਿ ਰਿਹਾ ਹੋਵੇ ਕਿ ਪਤਰਸ ਨੂੰ ਵੀ ਛੂਟ ਹੈ; ਪਰ ਚੇਲਿਆਂ ਨੂੰ ਛੂਟ ਹੋਵੇ ਜਾਂ ਨਹੀਂ, ਮਸੀਹ ਦਾ ਫ਼ੈਸਲਾ ਉਹੀ ਸੀ ਕਿ ਕਰ ਦਿੱਤਾ ਜਾਵੇ। [18]ਕਾਰੋਬਾਰੀ ਮਛੇਰਾ ਹੋਣ ਕਰਕੇ, ਪਤਰਸ ਆਮ ਤੌਰ ਤੇ ਜਾਲ ਹੀ ਵਰਤਦਾ ਸੀ (ਮੱਤੀ 4:18), ਪਰ ਜਾਲ ਵਿਚ ਸੈਂਕੜੇ ਮੱਛੀਆਂ ਆ ਜਾਂਦੀਆਂ ਸਨ। ਪਤਰਸ ਨੂੰ ਇਸ ਮੌਕੇ ਤੇ ਇੱਕੋ ਮੱਛੀ ਚਾਹੀਦੀ ਸੀ। [19]ਰਿਚਰਡ ਰੋਜਰਸ, *ਬਿਹੋਲਡ ਯੋਰ ਕਿੰਗ (ਬੁੱਕ ਆਫ਼ ਮੈਥਿਊ)* (ਲੱਬਾਕ, ਟੈਕਸਸ: ਸਨਸੈੱਟ ਸਟਡੀ ਸੀਰੀਜ਼, ਪੰਨਾ ਰਹਿਤ), 22. [20]ਵੇਖੋ NIV. ਨਵੇਂ ਨੇਮ ਵਿਚ ਸਿਰਫ਼ ਇਥੇ ਚਾਰ ਦ੍ਰਾਖਮਾ ਵਾਲੇ ਸਿੱਕੇ ਦੀ ਗੱਲ ਹੈ।

[21]ਪੌਲੁਸ ਦੇ ਖ਼ਾਸ ਹਾਲਾਤ ਵਿਚ ਆਪਣੇ ਅਧਿਕਾਰੀਆਂ ਵਿਚ ਹੱਕਾਂ ਦਾ ਤਿਆਗ ਕਰਨ ਦੀ ਲੋੜ ਤੇ ਵਿਸਥਾਰ ਨਾਲ ਚਰਚਾ ਦਿੱਤੀ ਹੈ (ਰੋਮੀਆਂ 14; 1 ਕੁਰਿੰਥੀਆਂ 8–10)। [22]ਮੱਤੀ 20:21; ਮਰਕੁਸ 10:37. [23]ਕਫ਼ਰਨਹੂਮ (ਮਰਕੁਸ 9:33)। ਗਲੀਲ ਦੇ ਆਸ ਪਾਸ ਉਨ੍ਹਾਂ ਪਹਿਲਾਂ ਹੀ ਕਾਫ਼ੀ ਘੁੰਮ ਲਿਆ ਸੀ, ਜਿਸਦੇ ਬਾਅਦ ਉਹ ਕਫ਼ਰਨਹੂਮ ਨੂੰ ਗਏ। [24]ਜੇ. ਡਬਲਯੂ. ਮੈਕਗਰਵੇ ਐਂਡ ਫ਼ਿਲਿੱਪ ਵਾਈ. ਪੈਂਡਲਟਨ, *ਦ ਫੋਰਫੋਲਡ ਗੌਸਪਲ ਆਰ ਏ ਹਾਰਮਨੀ ਆਫ਼ ਦ ਫੋਰ ਗੌਸਪਲਜ਼* (ਸਿੰਸਿਨਾਟੀ: ਸਟੈਂਡਰਡ ਪਬਲਿਸ਼ਿੰਗ ਕੰ., 1914), 430–31. [25]ਭਲਾ ਉਹ ਪਤਰਸ ਦੇ ਬੱਚਿਆਂ ਵਿੱਚੋਂ ਕੋਈ ਹੋ ਸਕਦਾ ਹੈ? [26]ਸੱਚੀ ਦੀਨਤਾ ਪਿਛਲੇ ਪਾਠ ਵਿਚ ਆਪਣੇ ਆਪ ਨੂੰ ਭੁੱਲਣ ਬਾਰੇ ਕੀਤੀ ਗਈ ਚਰਚਾ ਵਿਚ ਮਿਲਦੀ ਹੈ। ਆਮ ਤੌਰ ਤੇ ਛੋਟੇ ਬੱਚੇ ਆਪਣੇ ਆਪ ਨੂੰ ''ਮਹਾਨ'' ਜਾਂ ''ਫ਼ਜ਼ੂਲ'' ਵਰਗੇ ਬੇਕਾਰ ਸ਼ਬਦਾਂ ਨਾਲ ਨਹੀਂ ਵੰਡਦੇ। [27]ਬਾਅਦ ਦੇ ਦਿਨਾਂ ਵਿਚ ਯਿਸੂ ਆਮ ਤੌਰ ਤੇ ਖੁਦਗਰਜ਼ੀ ਦੀ ਖ਼ਾਹਿਸ਼ ਦੇ ਖ਼ਿਲਾਫ਼ ਚੇਲਿਆਂ ਨੂੰ ਚਿਤਾਵਨੀ ਦਿੰਦਾ ਰਹਿੰਦਾ ਸੀ (ਵੇਖੋ ਮੱਤੀ 23:8–12; ਲਕਾ 22:24–27)। [28]ਵੇਖੋ ਲੂਕਾ 14:11; 18:14; ਰਸੂਲਾਂ ਦੇ ਕੰਮ 20:19; ਅਫ਼ਸੀਆਂ 4:2; ਕੁਲੁੱਸੀਆਂ 3:12; ਯਾਕੂਬ 4:6; 1 ਪਤਰਸ 3:8. [29]ਮੱਤੀ 18:6 *ਵਿਸ਼ਵਾਸ ਕਰਨ ਵਾਲੇ* ਛੋਟੇ ਬੱਚਿਆਂ ਦੀ ਗੱਲ ਕਰਦਾ ਹੈ। ਮਰਕੁਸ 9:37 ਕਿਸੇ ਛੋਟੇ ਬੱਚੇ ਦਾ ਸੁਆਗਤ ਕਰਨ ਲਈ

ਕਿਸੇ ਚੇਲੇ ਨੂੰ ਠੰਡੇ ਪਾਣੀ ਦਾ ਗਿਲਾਸ ਦੇਣ ਦਾ ਸੁਆਗਤ ਕਰਦਾ ਲਗਦਾ ਹੈ। ਮੱਤੀ 18:12, 13 ਵਿਚ ਭੇਡਾਂ ਦੇ *ਭਟਕ ਜਾਣ ਦੀ* ਗੱਲ ''ਛੋਟੇ ਬੱਚਿਆਂ'' (ਆਇਤ 14) ਲਈ ਹੀ ਦਿੱਤੀ ਗਈ ਲਗਦੀ ਹੈ। [30]ਯਿਸੂ ਨੇ ਪਹਿਲਾਂ ਆਪਣੇ ਚੇਲਿਆਂ ਨੂੰ ਕਬੂਲ ਕਰਨ ਵਾਲੇ ਲੋਕਾਂ ਲਈ ਇਹੀ ਸ਼ਬਦ ਵਰਤੇ ਸਨ (ਮੱਤੀ 10:40; ਯੂਹੰਨਾ 13:20 ਵੀ ਵੇਖੋ)।

[31]''ਜਿਹੜਾ ਐਲਾਨੀਆ ਦੁਸ਼ਮਣ ਨਾ ਹੋਵੇ ਉਸ ਨੂੰ ਦੋਸਤ ਹੀ ਮੰਨਿਆ ਜਾ ਸਕਦਾ ਹੈ'' (ਰੌਬਰਟ ਐੱਲ, ਥੌਮਸ, ਸੰਪਾ., ਅਤੇ ਸਟੈਨਲੀ ਐੱਨ. ਗੁੰਡਰੀ, ਸਹਿ ਸੰਪਾ. *ਏ ਹਾਰਮਨੀ ਆਫ਼ ਦ ਗੌਸਪਲਜ਼ [*ਸ਼ਿਕਾਗੋ: ਮੂਡੀ ਪ੍ਰੈੱਸ, 1978*]*, 125)। [32]ਜਿੱਥੇ ਮੈਂ ਰਹਿੰਦਾ ਹਾਂ ਉੱਥੇ ਇਸ ਨੂੰ ''ਦ ਫ਼ਲਿਪ ਸਾਈਡ'' ਕਿਹਾ ਜਾਂਦਾ ਹੈ। [33]ਪੁਰਾਣੇ ਸਮਿਆਂ ਵਿਚ ਕੁਝ ਸੱਭਿਅਤਾਵਾਂ ਵਿਚ ਲੋਕਾਂ ਨੂੰ ਮੌਤ ਦੀ ਸਜ਼ਾ ਦੇਣ ਲਈ ਚੱਕੀ ਦੇ ਪੁੜ ਨਾਲ ਬੰਨ੍ਹ ਕੇ ਸਮੁੰਦਰ ਵਿਚ ਸੁੱਟ ਦਿੱਤਾ ਜਾਂਦਾ ਸੀ। ਹਾਲ ਹੀ ਦੇ ਸਾਲਾਂ ਵਿਚ ਕੁਝ ਲੋਕਾਂ ਨੂੰ ਭਾਰੀਆਂ ਚੀਜ਼ਾਂ ਨਾਲ ਬੰਨ੍ਹ ਕੇ ਦਰਿਆਵਾਂ, ਝੀਲਾਂ, ਸਮੁੰਦਰ ਵਿਚ ਸੁੱਟਣ ਦਾ ਪਤਾ ਲੱਗਾ ਹੈ। [34]ਇਹ ਸਪੱਸ਼ਟ ਹੈ ਕਿ ਯਿਸੂ ਨਰਕ (***gehenna***) ਲਈ ਸੰਕੇਤਕ ਭਾਸ਼ਾ ਵਰਤ ਰਿਹਾ ਹੈ ਕਿਉਂਕਿ ਕੀੜੇ ਅੱਗ ਵਿਚ ਤਾਂ ਨਹੀਂ ਰਹਿ ਸਕਦੇ। ਇਸ ਬਾਰੇ ਆਮ ਸਹਿਮਤੀ ਹੈ ਕਿ ਕੀੜੇ (ਬਦਕਾਰਾਂ) ਅਤੇ ਅੱਗ ਦੇ ਰੂਪਕ ਯਰੂਸ਼ਲਮ ਦੇ ਦੱਖਣ ਵਿਚ ਕੂੜੇ ਦੇ ਢੇਰ ਤੋਂ ਲਏ ਗਏ ਹਨ, ਜਿਸ ਨੂੰ ਹਿੰਨੋਮ ਜਾਂ ਬੇਨ-ਹਿੰਨੋਮ ਦੀ ਘਾਟੀ ਆਖਿਆ ਜਾਂਦਾ ਸੀ (ਵੇਖੋ 2 ਇਤਿਹਾਸ 28:3; 33:6; ਨਹਮਯਾਹ 11:30; ਯਿਰਮਿਯਾਹ 7:31, 32; 19:2, 6; 32:35)। ਕੀੜਿਆਂ ਦਾ ਰੂਪਕ ਸੰਭਵ ਤੌਰ ਤੇ ਦੋਸ਼ੀ ਜ਼ਮੀਰ ਦੇ ਅਬਦੀ ਸਜ਼ਾ ਸਹਿਤ ਬਣਿਆ ਹੈ (ਲੂਕਾ 16:25–28), ਜਦ ਕਿ ਅੱਗ ਦਾ ਰੂਪਕ ਖ਼ੁਦਾ ਦੀ ਹਜ਼ੂਰੀ ਤੋਂ ਦੂਰ ਹੋ ਕੇ ਅਨਾਦੀਕਾਲ ਦਾ ਸੰਤਾਪ ਝੱਲਣਾ ਹੈ (2 ਥੱਸਲੁਨੀਕੀਆਂ 1:9)। [35]*ਮਸੀਹ ਦੀ ਜ਼ਿੰਦਗੀ, 2* ਵਿਚ ''ਪਰ ਮੈਂ ਤੈਨੂੰ ਆਖਦਾ ਹਾਂ'' ਪਾਠ ਵਿਚ ਇਸ ਹਵਾਲੇ ਤੇ ਚਰਚਾ ਵੇਖੋ। [36]KJV ਵਿਚ ਜੋੜਿਆ ਗਿਆ ਹੈ, ''ਅਤੇ ਹਰ ਕੁਰਬਾਨੀ ਲੂਣ ਨਾਲ ਸਲੂਣੀ ਕੀਤੀ ਜਾਵੇਗੀ।'' ਇਹ ਸ਼ਬਦ ਜ਼ਿਆਦਾਤਰ ਪੁਰਾਣੀਆਂ ਹੱਥ ਲਿਖਤਾਂ ਵਿਚ ਨਹੀਂ ਮਿਲਦੇ, ਪਰ ਅੱਜ ਵੀ ਉਹ ਵਸਤਾਂ ਨੂੰ ਸੰਭਾਲ ਕੇ ਰੱਖਣ ਦੀ ਧਾਰਣਾ ਤੇ ਜ਼ੋਰ ਦਿੰਦੇ ਹਨ: ਪੁਰਾਣੇ ਨੇਮ ਦੇ ਸਮਿਆਂ ਵਿਚ ਅਹਿਦ ਦਾ ਲੂਣ (ਲੇਵੀਆਂ 2:13) ਕੁਰਬਾਨੀ ਨੂੰ ਸਾਂਭ ਕੇ ਰੱਖਦਾ ਸੀ। [37]*ਮਸੀਹ ਦੀ ਜ਼ਿੰਦਗੀ, 2* ਕਿਤਾਬ ਵਿਚ ''ਤੁਹਾਡੀ ਕਦਰ ਉਸ ਨਾਲੋਂ ਵੱਧ ਹੈ ਜੋ ਤੁਹਾਨੂੰ ਲਗਦਾ ਹੈ'' ਦੀ ਸਮੀਖਿਆ ਕਰੋ। [38]ਆਇਤ 11 ਜੋ KJV ਵਾਂਗ ਪੰਜਾਬੀ ਅਨੁਵਾਦ ਵਿਚ ਜੋੜੀ ਗਈ ਹੈ, ਕਈ ਪੁਰਾਣੀਆਂ ਹੱਥ ਲਿਖਤਾਂ ਵਿਚ ਨਹੀਂ ਮਿਲਦੀ। ਬਾਅਦ ਵਿਚ ਲੂਕਾ 19:10 ਵਿਚ ਅਸੀਂ ਇਨ੍ਹਾਂ ਸ਼ਬਦਾਂ ਨੂੰ ਵੇਖਾਂਗੇ। [39]ਮੈਕਗਰਵੇ ਐਂਡ ਪੈਂਡਲਟਨ, 434. [40]ਕਾਗਜ਼ ਦੀ ਕਮੀ ਇਜਾਜ਼ਤ ਨਹੀਂ ਦਿੰਦੀ ਕਿ ਅਸੀਂ ਇਸ ਪਾਠ ਦੇ ਮੁੱਖ ਪੁਆਇੰਟਾਂ ਦੀ ਸਮੀਖਿਆ ਕਰੀਏ, ਪਰ ਤੁਸੀਂ ਚਾਹੋ ਤਾਂ ਕਰ ਸਕਦੇ ਹੋ।

[41]ਘੁਮੰਡ ਤੇ ਨਵੇਂ ਨੇਮ ਦੀਆਂ ਦੇ ਹਵਾਲਿਆਂ ਦੇ ਕੁਝ ਨਮੂਨੇ ਹਨ: ਰੋਮੀਆਂ 1:30; 2 ਤਿਮੋਥਿਉਸ 3:2; ਯਾਕੂਬ 4:6; 1 ਯੂਹੰਨਾ 2:16.